
# ਸਰੋਕਾਰਾਂ ਦੀ ਆਵਾਜ਼

ਅਗਸਤ-2011

**ਲੋਕ ਪੱਖੀ ਆਰਟਸ ਪ੍ਰੋਜੈਕਟ ਮੀਡੀਆ**



## ਮੀਡੀਏ ਦਾ ਰੋਲ
## ਅਤੇ
## ਨੈਤਿਕਤਾ ਦਾ ਸਵਾਲ

## ਜੰਗ : ਅਮਨ ਤੇ ਸ਼ਾਂਤੀ ਲਈ ਚੁਣੌਤੀਆਂ ਭਰਿਆ ਕਾਰਜ




ਸਾਡੀ ਦਿਲੀ ਇੱਛਾ ਹੈ ਕਿ ਵਿਸ਼ਵ ਪੱਧਰ ’ਤੇ ਆਪਣੀ ਵੱਖ-ਵੱਖ ਖੇਤਰਾਂ ਜਿਨ੍ਹਾਂ ਵਿਚ ਸਾਹਿਤ, ਸਭਿਆਚਾਰ, ਰਾਜਨੀਤੀ, ਆਰਥਿਕਤਾ, ਵਿਗਿਆਨ ਤੇ ਇਤਿਹਾਸ ਆਦਿ ਵਿਚ ਵੱਖਰੀ ਪਹਿਚਾਣ ਬਣਾਈ ਬੈਠੇ ਪੰਜਾਬੀ ਭਾਈਚਾਰੇ ਨੂੰ ਹੋਰ ਚੇਤਨ ਕਰਨ ਵਿਚ ਆਪਣਾ ਯੋਗਦਾਨ ਪਾਈਏ। ਉਨ੍ਹਾਂ ਦੀ ਜ਼ਿੰਦਗੀ ਨਾਲ ਜੁੜੀਆਂ ਵੱਖ ਵੱਖ ਸੋਚਾਂ ਅਤੇ ਸਮਝਾਂ ਨੂੰ ਹੋਰ ਤਿੱਖਾ ਕਰਨ ਹਿੱਤ ਅਸੀਂ ਕਾਰਜ ਕਰਾਂਗੇ। ਸਾਡੀ ਦਿਲੀ ਇੱਛਾ ਹੈ ਕਿ ਸਾਡੀ ਇਸ ਪਹਿਲਕਦਮੀ ਵਿਚ ਤੁਸੀਂ ਜ਼ਰੂਰ ਆਪਣਾ ਯੋਗਦਾਨ ਵੱਖ ਵੱਖ ਢੰਗਾਂ ਰਾਹੀਂ ਪਾਓਗੇ। ਤੁਹਾਡੇ ਹਰ ਕਿਸਮ ਦੇ ਵਿਚਾਰ ਨੂੰ ਖੁੱਲ੍ਹਦਿਲੀ ਨਾਲ ਜੀ ਆਇਆਂ ਕਹਾਂਗੇ। ਤੁਹਾਡੀ ਹਰੇਕ ਰਾਇ ਸਾਡੇ ‘ਸਰੋਕਾਰਾਂ ਦੀ ਆਵਾਜ਼’ ਨੂੰ ਤਿੱਖਾ ਕਰੇਗੀ।

## ਸਰੋਕਾਰਾਂ ਦੀ ਆਵਾਜ਼

ਸਾਲ 1, ਅੰਕ 1, ਅਗਸਤ 2011



ਸੰਪਾਦਕ ਮੰਡਲ

(ਆਨਰੇਰੀ)

ਦਵਿੰਦਰ ਤੂਰ

ਹਰਬੰਸ ਸਿੰਘ

ਸੁਖਵਿੰਦਰ ਸਿੰਘ ਢਿੱਲੋਂ

ਜਸਪ੍ਰੀਤ ਧਾਲੀਵਾਲ

ਸੁਖਦੇਵ ਸਿੰਘ ਸੰਧੂ

ਮਾਸਟਰ ਬਲਬੀਰ ਸਿੰਘ ਗਿੱਲ

ਕੁਲਦੀਪ ਸਿੰਘ

ਬਲਜਿੰਦਰ ਸਿੰਘ


ਨੋਟ : ਸੰਪਾਦਕੀ ਮੰਡਲ ਦਾ ਛਪੀਆਂ ਰਚਨਾਵਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ।


**Head Office**

**Pro-People Arts Project Media Group**

416-902-9372

416-817-7142

416-895-4100

E-Mail : ppapmg@gmail.com


■ ਸੰਪਾਦਕੀ

# ਆਓ ! ਪੰਜਾਬ ਦੀ ਅੰਦਰੂਨੀ ਪ੍ਰਕਿਰਿਆ ਨੂੰ ਜਾਣੀਏ

ਪੰਜਾਬ ਮੁੜ ਪ੍ਰਭਾਸ਼ਿਤ ਕਰਨ ਦੀ ਮੰਗ ਕਰਦਾ ਹੈ, ਪਹਿਲਾਂ ਵਾਲਾ ਪੰਜਾਬ ਨਹੀਂ ਰਿਹਾ। ਜਿਸ ਦਾ ਨੈਣ ਨਕਸ਼ ਪ੍ਰਸਿੱਧ ਵਾਰਤਾਕਾਰ ਗਿਆਨੀ ਗੁਰਦਿੱਤ ਸਿੰਘ ਨੇ 'ਮੇਰਾ ਪਿੰਡ' ਵਿਚ ਦਰਜ ਕੀਤਾ ਹੈ। ਉਹ ਹੁਣ ਬਦਲ ਗਿਆ ਹੈ। ਇਸ ਬਦਲੇ ਹੋਏ ਪੰਜਾਬ ਦੇ ਸਰੋਕਾਰਾਂ ਨੂੰ ਆਵਾਜ਼ ਦੇਣ ਦੀ ਜ਼ਰੂਰਤ ਹੈ। ਹਾਲਾਂਕਿ ਪੰਜਾਬ ਨੂੰ ਲੈ ਕੇ ਕਈ ਕਿਸਮ ਦੇ ਦ੍ਰਿਸ਼ਟੀਕੋਣ ਪੇਸ਼ ਕੀਤੇ ਜਾ ਰਹੇ ਹਨ। ਹਰੇਕ ਪੇਸ਼ਕਾਰੀ ਵਿਚ ਸਮਾਜਿਕ ਪਹਿਲੂ ਸ਼ਾਮਲ ਕੀਤਾ ਹੁੰਦਾ ਹੈ, ਪ੍ਰੰਤੂ ਪੰਜਾਬ ਦੀ ਅਣਹੋਣੀ ਨੂੰ ਹੋਣੀ ਵਿਚ ਬਦਲਣ ਲਈ ਸਥਾਪਤ ਰਾਜਨੀਤੀਵਾਨਾਂ, ਅਫ਼ਸਰਸ਼ਾਹਾਂ, ਧਨੀ ਇਨਸਾਨਾਂ ਅਤੇ ਸਾਧਾਂ ਸੰਤਾਂ ਵਲੋਂ ਆਪੋ ਆਪਣੇ ਦ੍ਰਿਸ਼ਟੀਕੋਣ ਤੇ ਸਮਝਦਾਰੀ ਵਿਕਸਿਤ ਕੀਤੀ ਜਾ ਰਹੀ ਹੈ। ਇਸ ਸਮਝਦਾਰੀ ਵਿਚ ਕੋਈ ਪੰਜਾਬ ਦੇ ਖਤਮ ਹੋ ਰਹੇ ਸਭਿਆਚਾਰ ਦੀ ਗੱਲ ਕਰਦਾ ਹੈ, ਕੋਈ ਤਬਾਹ ਹੋ ਰਹੇ ਵਾਤਾਵਰਣ ਦੀ ਗੱਲ ਕਰਦਾ ਹੈ, ਕੋਈ ਜਾਤਾਂ ਨੂੰ ਪ੍ਰਭਾਸ਼ਿਤ ਕਰਨ ਦੀ ਗੱਲ ਕਰਦਾ ਹੈ। ਕੋਈ ਸਿੱਖਿਆ ਦੇ ਵਪਾਰੀਕਰਨ ਨੂੰ ਦੂਰ ਕਰਨ ਦੀ ਗੱਲ ਕਰਦਾ ਹੈ। ਹਰੇਕ ਦ੍ਰਿਸ਼ਟੀਕੋਣ ਵਿਚ ਕੋਈ ਨਾ ਕੋਈ ਕੱਜ ਛੁਪਿਆ ਹੋਇਆ ਹੈ।ਪੰਜਾਬ ਦੀ ਅਸਲ ਹੋਣੀ ਉਪਰ ਬਹੁਤ ਘੱਟ ਕਾਰਜ ਹੋਇਆ ਹੈ।ਅਸੀਂ ਪੰਜਾਬ ਦੇ ਬਦਲਦੇ ਸਰੋਕਾਰਾਂ ਨੂੰ ਮੱਦੇਨਜ਼ਰ ਰੱਖਦੇ ਹੋਏ ਅਜੋਕੇ ਪੈਦਾਵਾਰ ਦੇ ਢੰਗ ਤਰੀਕਿਆਂ ਰਾਹੀਂ ਆਏ ਬਦਲਾਅ ਅਤੇ ਬਦਲੀ ਦੁਨੀਆ ਦੇ ਸੰਦਰਭ ਵਿਚ ਪੰਜਾਬ ਦੀ ਗੱਲ ਕਰਾਂਗੇ।

ਅਸੀਂ ਜੋ ਆਪਣੀ ਉਚ ਪੱਧਰ ਦੀ ਲਿਆਕਤ ਨਾਲ ਲੈਸ ਹਾਂ ਸਾਨੂੰ ਕਈ ਵਾਰੀ ਜਾਪਦਾ ਹੈ ਕਿ ਸਾਡੀ ਸਮਾਜਿਕ ਮਸਲਿਆਂ ਪ੍ਰਤੀ ਸਮਝਦਾਰੀ ਬੜੀ ਪੇਤਲੀ ਹੁੰਦੀ ਹੈ।ਇਸ ਸਮਝਦਾਰੀ ਨੂੰ ਖੋਜਮਈ ਢੰਗ ਨਾਲ ਤੇ ਖੋਜਮਈ ਬਿਰਤੀ ਨਾਲ ਪਰਖਣ ਦੀ ਜ਼ਰੂਰਤ ਹੁੰਦੀ ਹੈ। ਪੰਜਾਬ ਦੇ 'ਸਰੋਕਾਰਾਂ ਦੀ ਆਵਾਜ਼' ਬਣਨਾ ਸਾਡਾ ਟੀਚਾ ਹੈ। ਅਸੀਂ ਪੰਜਾਬ ਦੀ ਉਹ ਰਗ ਫੜਨਾ ਚਾਹੁੰਦੇ ਹਾਂ ਜਿਸ ਨੂੰ ਪੰਜਾਬ ਦੇ ਨਵੇਂ ਵਿਦਵਾਨ ਫੜਨ ਦੀ ਕੋਸ਼ਿਸ਼ ਵਿਚ ਲੱਗੇ ਹੋਏ ਹਨ।ਸਾਡਾ ਖੋਜਮਈ ਦ੍ਰਿਸ਼ਟੀਕੋਣ ਤੋਂ ਪੰਜਾਬ ਦੇ ਬਹੁਪੱਖੀ ਪਹਿਲੂਆਂ ਨੂੰ ਪਰਖਣ ਦਾ ਟੀਚਾ ਹੋਵੇਗਾ। ਇਤਿਹਾਸ ਦੇ ਉਨ੍ਹਾਂ ਪਲਾਂ ਨੂੰ ਵੀ ਯਾਦ ਕਰਵਾਇਆ ਜਾਵੇਗਾ ਜਿਨ੍ਹਾਂ ਵਿਚ ਬੜਾ ਨਰੋਆਪਣ ਸੀ ਅਤੇ ਉਹ ਹੁਣ ਹੌਲੀ ਹੌਲੀ ਕਮਜ਼ੋਰ ਹੋ ਰਿਹਾ ਹੈ। ਪ੍ਰਸਿੱਧ ਵਿਦਵਾਨ ਇਰਨਿਸ ਬਲੌਚ ਨੇ ਕਿਹਾ ਹੈ ਸੁਪਨੇ ਹਕੀਕਤਾਂ ਨੂੰ ਬਦਲ ਦਿੰਦੇ ਨੇ ਅਤੇ ਸੁਪਨਮਈ ਸੋਚ ਨਵੇਂ ਭਵਿੱਖ ਦੀ ਰੋਸ਼ਨੀ ਪ੍ਰਦਾਨ ਕਰਨ ਵਿਚ ਸਹਾਇਕ ਹੁੰਦੀ ਹੈ।ਸੋ ਅਸੀਂ ਕੋਸ਼ਿਸ਼ ਕਰਾਂਗੇ ਕਿ ਵਿਦੇਸ਼ਾਂ ਦੀ ਧਰਤੀ 'ਤੇ ਬੈਠੇ ਪੰਜਾਬੀ ਪੰਜਾਬ ਦੀ ਅਜੋਕੀ ਸਥਿਤੀ ਨੂੰ ਇਕ ਨਵੇਂ ਅਤੇ ਡੂੰਘਾਈ ਵਾਲੇ ਦ੍ਰਿਸ਼ਟੀਕੋਣ ਤੋਂ ਪਰਖ ਸਕਣ।ਇਸ ਕਿਸਮ ਦੀ ਸਮਝਦਾਰੀ ਨਾਲ ਤੁਹਾਡੇ ਵਿਚ ਹਾਜ਼ਰ ਹੋ ਰਹੇ ਹਾਂ।ਸਾਨੂੰ ਉਮੀਦ ਹੈ ਕਿ ਤੁਹਾਡੀ ਬੌਧਿਕ ਸ਼ਕਤੀ ਇਸ

- ਦਵਿੰਦਰ ਤੂਰ

# ਸਮਾਜ ਅਤੇ ਸਰੋਕਾਰਾਂ ਦਾ ਸੁਮੇਲ

**ਚੇਤੰਨ ਵਿਅਕਤੀ ਹੀ ਜੀਵਨ ਜਾਂਚ ਦੇ ਦ੍ਰਿਸ਼ਟੀਕੋਣ ਤੋਂ ਲੋਕਾਂ ਦੇ ਸਰੋਕਾਰਾਂ ਨੂੰ ਆਵਾਜ਼ ਦਿੰਦੇ ਹਨ ਜਿਸ ਵਿਚ ਉਨ੍ਹਾਂ ਦੀ ਵਿਦਿਆ ਦਾ ਸਵਾਲ, ਸਿਹਤ ਸਹੂਲਤਾਂ ਅਤੇ ਰੁਜ਼ਗਾਰ ਦੇ ਸਵਾਲਾਂ ਦਾ ਮਸਲਾ ਜੁੜਿਆ ਹੁੰਦਾ ਹੈ।**

ਵੀਹਵੀਂ ਸਦੀ ਦੇ ਮੁਢਲੇ ਵਰ੍ਹਿਆਂ ਉਪਰ ਨਜ਼ਰ ਮਾਰਨਾ ਬੜਾ ਜ਼ਰੂਰੀ ਹੈ।ਜਦੋਂ ਅਜੇ ਇਹ ਸਦੀ ਸ਼ੁਰੂ ਹੀ ਹੋ ਰਹੀ ਸੀ ਤਾਂ ਇਕ ਨਵੇਂ ਕਿਸਮ ਦੀ ਜੀਵਨ ਜਾਚ ਨੂੰ ਦਿਸ਼ਾ ਦੇਣ ਵਾਲੇ ਰਾਜ ਸਥਾਪਤ ਹੋਣ ਲੱਗੇ ਜਿਨ੍ਹਾਂ ਵਿਚ ਸੋਵੀਅਤ ਯੂਨੀਅਨ ਦਾ ਨਾਂ ਵਿਸ਼ੇਸ਼ ਕਰਕੇ ਆਉਂਦਾ ਹੈ।ਇਹ ਅਜੇ ਰਾਜ ਸਥਾਪਤ ਹੋ ਰਹੇ ਸਨ ਕਿ 1939 ਵਿਚ ਸਮੁੱਚੀ ਦੁਨੀਆ ਵੱਡੇ ਮੰਦਵਾੜੇ ਵਿਚ ਫਸ ਗਈ।ਇਸ ਮੰਦਵਾੜੇ ਵਿਚੋਂ ਨਿਕਲਣ ਲਈ ਦੂਸਰੀ ਸੰਸਾਰ ਜੰਗ ਐਸੀ ਛਿੜੀ ਕਿ ਦੁਨੀਆ ਦੇ ਸਮਤੋਲ ਵਿਚ ਫਰਕ ਪੈ ਗਿਆ।ਅੰਗਰੇਜ਼ਾਂ ਦਾ ਸੂਰਜ ਜੋ ਕਦੇ ਛਿਪਦਾ ਨਹੀਂ ਸੀ ਉਹ ਲਗਭਗ ਦੁਨੀਆ ਦੇ ਵੱਡੇ ਹਿੱਸੇ ਤੋਂ ਖਤਮ ਹੋ ਗਿਆ।ਇਕ ਨਵਾਂ ਅਜਿਹਾ ਮੁਲਕ ਤਾਕਤਵਰ ਬਣ ਕੇ ਉਭਰਿਆ ਜਿਸ ਦਾ ਨਾਂ ਅਮਰੀਕਾ ਹੈ।ਇਸ ਦੇ ਨਾਲ ਹੀ ਇਕ ਇਹ ਵਰਤਾਰਾ ਵਾਪਰਿਆ ਕਿ ਲੋਕਾਂ ਦੀਆਂ ਜਮਹੂਰੀਅਤਾਂ ਦੇ ਰਾਜ ਦੁਨੀਆ ਦੇ ਕਈ ਕੋਨਿਆਂ ਉਪਰ ਸਥਾਪਤ ਹੋ ਗਏ ਅਤੇ ਸਮੁੱਚੇ ਯੂਰਪ ਅਤੇ ਕੈਨੇਡੀਅਨ ਸਮਾਜ ਵਿਚ ਇਕ ਨਵੀਂ ਕੈਨਜ਼ ਆਰਥਿਕ ਮਾਡਲ ਦੀ ਸਮਝਦਾਰੀ ਦੇ ਤਹਿਤ ਸਥਾਪਤ ਹੋਏ। ਜਿਸ ਨੂੰ ਅੰਗਰੇਜ਼ੀ ਵਿਚ ਵੈਲਫੇਅਰ ਸਟੇਟ ਦਾ ਨਾਂ ਦਿੱਤਾ ਜਾਂਦਾ ਹੈ। 1950 ਤੋਂ ਲੈ ਕੇ ਲਗਭਗ 2000 ਤੱਕ ਇਸ ਵੈਲਫੇਅਰ ਸਟੇਟ ਦੇ ਨਾਂ ਹੇਠ ਲੋਕਾਂ ਨੂੰ ਬਹੁਤ ਹੀ ਵਧੀਆ ਜੀਵਨ ਜਾਚ ਵਾਲੀਆਂ ਸਹੂਲਤਾਂ ਮਿਲੀਆਂ ਜਿਨ੍ਹਾਂ ਵਿਚ ਫਰੀ ਸਿੱਖਿਆ, ਫਰੀ ਸਿਹਤ ਸਹੂਲਤਾਂ ਅਤੇ ਇਥੋਂ ਤੱਕ ਬੇਰੁਜ਼ਗਾਰੀ ਭੱਤਾ ਅਤੇ ਬੁਢਾਪਾ ਪੈਨਸ਼ਨਾਂ ਸ਼ਾਮਲ ਹਨ। ਇਨ੍ਹਾਂ ਮੁਢਲੀਆਂ ਲੋੜਾਂ ਦੇ ਨਾਲ ਨਾਲ ਅਜਿਹੇ ਕਾਇਦੇ ਕਾਨੂੰਨ ਵੀ ਮਿਲੇ ਜਿਨ੍ਹਾਂ ਦੇ ਸਿਰ ’ਤੇ ਜਮਹੂਰੀਅਤ ਦੀ ਕਦਰ ਸਮੁੱਚੇ ਸਮਾਜ ਉਪਰ ਅਸਰ-ਅੰਦਾਜ਼ ਕਰਨ ਲੱਗੀ। ਪ੍ਰਸਿੱਧ ਵਿਦਵਾਨ ਇਸਤਵਾਨ ਮੈਸਾਰੋਜ਼ ਆਪਣੀ ਕਿਤਾਬ ‘Beyond Capital’ ਵਿਚ ਲਿਖਦਾ ਹੈ “ਜਮਹੂਰੀਅਤ ਦੀ ਐਸੀ ਸੋਚ ਲੋਕਾਂ ਉਪਰ ਛਾਈ ਕਿ ਹੌਲੀ ਹੌਲੀ ਪੂੰਜੀਵਾਦ ਨੇ ਉਨ੍ਹਾਂ ਨੂੰ ਆਪਣੀ ਗ੍ਰਿਫ਼ਤ ਵਿਚ ਲੈ ਲਿਆ।ਇਸ ਨਾਲ ਲੋਕ ਆਪਣਾ ਜਮਾਤੀ ਦ੍ਰਿਸ਼ਟੀਕੋਣ ਭੁੱਲ ਗਏ।ਉਨ੍ਹਾਂ ਨੂੰ ਜਾਪਣ ਲੱਗਿਆ ਕਿ ਵੈਲਫੇਅਰ ਸਟੇਟ ਹੀ ਇਕ ਅਜਿਹਾ ਰਾਜ ਹੈ ਜਿਸ ਰਾਹੀਂ ਉਹ ਆਪਣੀ ਵਿਅਕਤੀਗਤ ਅਜ਼ਾਦੀ ਨੂੰ ਬਰਕਰਾਰ ਰੱਖ ਸਕਦੇ ਹਨ।” ਇਸ ਕਿਸਮ ਦੀ ਸਮਝਦਾਰੀ ਨਾਲ ਇਹ ਭਾਣਾ ਵਾਪਰਿਆ ਕਿ ਲੋਕਾਂ ਦੀ ਜੀਵਨ ਜਾਚ ਵਾਲਾ ਸੁਪਨਾ ਜੋ ਕਦੀ ਸੋਵੀਅਤ ਯੂਨੀਅਨ ਨੇ ਦਿਖਾਇਆ ਸੀ ਉਹ ਬਿਖਰ ਗਿਆ। ਜਿਸ ਦਾ ਕਦੀ ਮਾਰਕਸ ਨੇ ਆਪਣੀ ਪ੍ਰਸਿੱਧ ਲਿਖਤ ‘ਕੈਪੀਟਲ’ ਵਿਚ ਜ਼ਿਕਰ ਕੀਤਾ ਹੈ ਕਿ ਪੂੰਜੀ ਦੇ ਚੱਲਣ ਢੰਗ ਵਿਚ ਨਫਾ ਅਤੇ ਲੁੱਟ ਕੇਂਦਰ ਉਪਰ ਹੁੰਦੀ ਹੈ ਜਿਸ ਨਾਲ ਹੌਲੀ ਹੌਲੀ ਮਨੁੱਖ ਹਾਸ਼ੀਏ ’ਤੇ ਹੁੰਦਾ ਜਾਂਦਾ ਹੈ।ਮਾਰਕਸ ਦੀ ਕਹੀ ਇਹ ਗੱਲ ਸਮੁੱਚੀ ਦੁਨੀਆ ਉਪਰ ਲਾਗੂ ਹੋ ਰਹੀ ਹੈ। ਕੈਨੇਡੀਅਨ ਸਮਾਜ ਅੰਦਰ ਲੋਕਾਂ ਨੂੰ ਆਪਣੇ ਮਿਲੇ ਹੱਕਾਂ ਲਈ ਜਦੋ-ਜਹਿਦਾਂ ਕਰਨੀਆਂ ਪੈ ਰਹੀਆਂ ਹਨ।ਇਥੋਂ ਤੱਕ ਕਿ ਇਰਾਕ ਵਿਚ ਲੜੀ ਜਾ ਰਹੀ ਜੰਗ ਨਾਲ ਜੋ ਉਨ੍ਹਾਂ ਦੀਆਂ ਮੁਢਲੀਆਂ ਸਹੂਲਤਾਂ ਉਪਰ ਚੋਟ ਵੱਜੀ ਹੈ ਉਸ ਦਾ ਉਨ੍ਹਾਂ ਨੂੰ ਅਹਿਸਾਸ ਹੋਣ ਲੱਗਿਆ ਹੈ। ਉਚੇਰੀ ਪੜ੍ਹਾਈ ਦੇ ਰਸਤੇ ਬੰਦ ਹੋਣ ਲੱਗੇ ਹਨ। ਥਾਂ-ਥਾਂ ’ਤੇ ਰਾਜਕੀ ਤਾਣੇ-ਬਾਣੇ ਨੂੰ ਪਰ੍ਹੇ ਕਰਕੇ ਕਾਰਪੋਰੇਟ ਖੇਤਰ ਦੇ ਤਾਣੇ-ਬਾਣੇ ਨੂੰ ਸਥਾਪਤ ਕੀਤਾ ਜਾ ਰਿਹਾ ਹੈ ਜਿਸ ਦਾ ਨਤੀਜਾ ਇਹ ਨਿਕਲ ਰਿਹਾ ਹੈ ਕਿ ਹੌਲੀ ਹੌਲੀ ਲੋਕਾਂ ਨੂੰ ਆਪਣੀ ਲੁੱਟ ਅਤੇ ਜਮਾਤ ਦੀ ਸਮਝ ਆਉਣੀ ਸ਼ੁਰੂ ਹੋ ਗਈ ਹੈ। ਇਸ ਪਾਸੇ ਵੱਲ ਨੂੰ ਸੋਚਣ ਲਈ ਵਿਸ਼ੇਸ਼ ਕਰਕੇ ਕੈਨੇਡੀਅਨ ਸਮਾਜ ਜੋ ਬਹੁ-ਸਭਿਆਚਾਰਾਂ ਦਾ ਸੁਮੇਲ ਹੈ ਇਸ ਵਿਚ ਆਪਣੀਆਂ ਪਹਿਚਾਨਾਂ ਨੂੰ ਬਰਕਰਾਰ ਰੱਖਦੇ ਹੋਏ ਪ੍ਰੰਤੂ ਆਪਣੇ ਆਰਥਿਕ ਮਸਲਿਆਂ ਪ੍ਰਤੀ ਜਾਗਰੂਕ ਹੋਣਾ ਅਤੇ ਇਕਜੁਟ ਹੋ ਕੇ ਸੋਚਣਾ ਸਮੇਂ ਦੀ ਅਣਸਰਦੀ ਲੋੜ ਹੈ। ਪੰਜਾਬੀ ਭਾਈਚਾਰਾ ਕਈ ਪੱਖਾਂ ਤੋਂ ਤਾਂ ਤਰੱਕੀ ਕਰ ਗਿਆ ਜਾਪਦਾ ਹੈ ਪ੍ਰੰਤੂ ਸੋਝੀ ਦੇ ਪੱਧਰ ’ਤੇ ਅਜੇ ਵੀ ਜਾਤ, ਧਰਮ, ਇਲਾਕੇ ਆਦਿ ਉਸ ਦੀ ਸੋਚ ਦਾ ਹਿੱਸਾ ਬਣੇ ਹੋਏ ਹਨ। ਇਨ੍ਹਾਂ ਦੇ ਆਧਾਰ ’ਤੇ ਉਹ ਆਪਣੀ ਜਮਾਤੀ ਸਮਝਦਾਰੀ ਨੂੰ ਖੁੰਡਾ ਕਰ ਰਿਹਾ ਹੈ।ਜੇ ਅਜਿਹੀ ਸੋਚ ਹੀ ਰੱਖਣੀ ਸੀ ਤਾਂ ਵੈਲਫੇਅਰ ਸਟੇਟ ਦੇ ਚਲਣ ਢੰਗ ਅਤੇ ਉਸ ਵਿਚ ਆਈ ਖੜੋਤ ਤੋਂ ਸ਼ਾਇਦ ਅਸੀਂ ਅਜੇ ਕੁਝ ਵੀ ਨਹੀਂ ਸਿੱਖਿਆ। ਅਜੇ ਵੀ ਅਸੀਂ ਆਪਣੇ ਉਸ ਅਤੀਤ ਨਾਲ ਇੰਝ ਬੱਝੇ ਹੋਏ ਹਾਂ ਜਿਵੇਂ ਸਾਡੇ ’ਤੇ ਪੈਸੇ ਧੇਲੇ ਦਾ ਤਾਂ ਅਸਰ ਪੈ ਗਿਆ ਹੋਵੇ ਉਸ ਨੇ ਸਾਡੀ ਜੀਵਨ ਜਾਚ ਨੂੰ ਤਬਦੀਲ ਕਰ ਦਿੱਤਾ ਹੋਵੇ ਪਰ ਅਸੀਂ ਆਪਣੀਆਂ ਜਗੀਰੂ ਕਿਸਮ ਦੀ ਰੁਚੀਆਂ, ਆਦਤਾਂ ਅਤੇ ਸਭਿਆਚਾਰਾਂ ਤੋਂ ਛੁਟਕਾਰਾ ਨਾ ਪਾਇਆ ਹੋਵੇ। ਸਾਡੀ ਦਿਲੀ ਇੱਛਾ ਹੈ ਕਿ ‘ਸਰੋਕਾਰਾਂ ਦੀ ਆਵਾਜ਼’ ਅਜਿਹੀ ਸਮਝਦਾਰੀ ਵਿਕਸਿਤ ਕਰੇ ਜਿਸ ਰਾਹੀਂ ਸਮਾਜਿਕ ਮਸਲਿਆਂ ਪ੍ਰਤੀ ਸਹੀ ਸੋਚ ਉਤਪੰਨ ਹੋ ਸਕੇ। ਕੈਨੇਡੀਅਨ ਸਮਾਜ ਵਿਚ ਬੈਠਾ ਪੰਜਾਬੀ ਭਾਈਚਾਰਾ ਆਪਣੇ ਭਵਿੱਖ ਨੂੰ ਸੁਰੱਖਿਅਤ ਕਰਨ ਲਈ ਪੁਰਾਤਨ ਕਿਸਮ ਦੀਆਂ ਸਮਝਦਾਰੀਆਂ ਤੋਂ ਨਿਜ਼ਾਕਤ ਪਾ ਸਕੇ।ਅਸੀਂ ਇਸ ਦਿਸ਼ਾ ਵੱਲ ਪੁੱਟੇ ਹਰੇਕ ਕਦਮ ਵਿਚ ਆਪ ਨੂੰ ਸ਼ਾਮਲ ਕਰਕੇ ਵੱਡਾ ਮਹਿਸੂਸ ਕਰਾਂਗੇ, ‘ਸਰੋਕਾਰਾਂ ਦੀ ਆਵਾਜ਼’ ਤੱਤ ਰੂਪ ਵਿਚ ਤੁਹਾਡੀ ਆਪਣੀ ਆਵਾਜ਼ ਬਣਨੀ ਚਾਹੀਦੀ ਹੈ ਜਿਸ ਰਾਹੀਂ ਅਸੀਂ ਨਵੇਂ ਨਰੋਏ ਅਤੇ ਸਭਿਅਕ ਮਨੁੱਖ ਦੀ ਉਸਾਰੀ ਵੱਲ ਨੂੰ ਕਦਮ ਪੁੱਟ ਸਕੀਏ। ਅਜੇ ਆਪਣੇ ਮੱਥੇ ਉਪਰ ਪਈਆਂ ਅਤੀਤ ਦੀਆਂ ਲਕੀਰਾਂ ਨੂੰ ਸਹੀ ਢੰਗ ਨਾਲ ਸਾਫ਼ ਕਰਨ ਦੀ ਜ਼ਰੂਰਤ ਹੈ। ਇਸ ਦੀ ਪੂਰਤੀ ਹਿੱਤ ਅਸੀਂ ਵਚਨਬੱਧ ਹੋਵਾਂਗੇ। ਤੁਹਾਡਾ ਹਰੇਕ ਚੰਗਾ ਵਿਚਾਰ ‘ਸਰੋਕਾਰਾਂ ਦੀ ਆਵਾਜ਼’ ਦਾ ਅੰਗ ਬਣੇਗਾ।

• • •

- ਮਾਸਟਰ ਬਲਬੀਰ ਸਿੰਘ ਗਿੱਲ

# ਪੰਜਾਬ ਤੇ ਜਮਹੂਰੀਅਤ ਦਾ ਸੁਮੇਲ

ਸਮੁੱਚਾ ਦੇਸ਼ ਇਸ ਵਰ੍ਹੇ ਜਦੋਂ ਆਪਨੀ 64ਵੀਂ ਆਜ਼ਾਦੀ ਦੀ ਵਰ੍ਹੇਗੰਢ ਮਨਾ ਰਿਹਾ ਹੈ।ਇਨ੍ਹਾਂ ਜਸ਼ਨਾਂ ਦੀ ਲੜੀ ਵਿਚ ਪੰਜਾਬ ਵਿਚ ਵੀ ਜਮਹੂਰੀਅਤ ਦੀ ਬਹਾਲੀ ਅਤੇ ਸੁਰੱਖਿਅਤਾ ਦੇ ਸਵਾਲ 'ਤੇ ਵੱਖ-ਵੱਖ ਵਿਚਾਰ ਪ੍ਰਸਤਾਤ ਕੀਤੇ ਜਾਣਗੇ। ਪੰਜਾਬ ਜਿਸ ਨੇ ਇਸ ਆਜ਼ਾਦੀ ਦੇ ਜਸ਼ਨਾਂ ਤੋਂ ਬਾਅਦ ਇਕ ਨਵੀਂ ਕਰਵਟ ਵੀ ਲੈਣੀ ਹੈ, ਇਥੇ ਜਿਸ ਦਾ ਭਾਵ ਹੈ ਕਿ ਇਕ ਨਵੀਂ ਰਾਜਨੀਤਕ ਸਫਬੰਦੀ ਅਤੇ ਸੱਤਾ ਵਿਚ ਪਰਿਵਰਤਨ ਵੱਲ ਨੂੰ ਵੀ ਪ੍ਰਕਿਰਿਆ ਸ਼ੁਰੂ ਹੋਣੀ ਹੈ। ਕਈ ਕਿਸਮ ਦੇ ਵਾਅਦੇ ਅਤੇ ਯੋਜਨਾਵਾਂ ਲੋਕਾਂ ਸੰਗ ਪੇਸ਼ ਕੀਤੀਆਂ ਜਾਣਗੀਆਂ ਹਨ। ਪੰਜਾਬ ਜਿਹੜਾ ਵੱਖ-ਵੱਖ ਤਰਾਸਦੀਆਂ 'ਚੋਂ ਗੁਜ਼ਰਦਾ ਰਿਹਾ ਹੈ ਇਨ੍ਹਾਂ ਤਰਾਸਦੀਆਂ 'ਚੋਂ ਪੰਜਾਬ ਨੇ ਅਜੇ ਕੋਈ ਵੀ ਸਬਕ ਨਹੀਂ ਸਿੱਖਿਆ।ਇਸ ਵੇਲੇ ਕਾਨੂੰਨੀ ਨੁਕਤੇ ਤੋਂ ਵੀ ਸ਼ਾਇਦ ਪੰਜਾਬ ਦੀ ਜਮਹੂਰੀਅਤ ਨਾਲ ਇਕ ਕਿਸਮ ਦਾ ਮਜ਼ਾਕ ਹੀ ਹੋ ਰਿਹਾ ਹੈ।ਪੰਜਾਬ ਅਸੈਂਬਲੀ ਵਿਚ ਪੰਜਾਬ ਪਬਲਿਕ ਅਤੇ ਪ੍ਰਾਈਵੇਟ ਪ੍ਰਾਪਰਟੀ ਐਕਟ 2010 ਲਿਆਂਦਾ ਗਿਆ ਅਤੇ ਪਾਸ ਹੋਇਆ ਜਿਸ ਵਿਚ ਸਪਸ਼ਟ ਲਿਖਿਆ, "ਜੇ ਤੁਸੀਂ ਕੋਈ ਸ਼ਾਂਤਮਈ ਪ੍ਰਦਰਸ਼ਨ ਕਰਨਾ ਹੈ, ਜਾਂ ਕਿਸੇ ਕਿਸਮ ਦਾ ਕੋਈ ਰੋਸ ਮੁਜ਼ਾਹਰਾ ਕਰਨਾ ਹੈ ਉਸ ਲਈ ਤੁਹਾਨੂੰ ਲੋਕਲ ਮੈਜਿਸਟ੍ਰੇਟ ਤੋਂ ਆਗਿਆ ਲੈਣੀ ਪਵੇਗੀ ਉਹ ਤੈਅ ਕਰੇਗਾ ਕਿ ਤੁਸੀਂ ਕਿਸ ਦਿਸ਼ਾ ਵੱਲ ਮੁਜ਼ਾਹਰਾ ਕਰਨਾ ਹੈ।" ਇਸੇ ਹੀ ਲੜੀ ਵਿਚ ਅੱਗੇ ਦਰਜ ਕੀਤਾ ਗਿਆ ਹੈ ਕਿ ਆਗਿਆ ਮਿਲਣ ਤੋਂ ਬਾਅਦ, "ਜੇ ਕੋਈ ਕਿਸੇ ਕਿਸਮ ਦੀ ਰੂਟ ਵਿਚ ਤਬਦੀਲੀ ਕੀਤੀ ਜਾਂਦੀ ਹੈ ਅਤੇ ਸ਼ਾਂਤਮਈ ਮੁਜ਼ਾਹਰੇ ਦੀ ਥਾਂ ਕਿਸੇ ਨਾ ਕਿਸੇ ਕਿਸਮ ਦਾ ਟਕਰਾਅ ਉਤਪੰਨ ਹੁੰਦਾ ਹੈ ਉਸ ਨਾਲ ਜੋ ਵੀ ਨੁਕਸਾਨ ਹੋਵੇਗਾ ਉਸ ਦੀ ਭਰਾਈ ਮੁਜ਼ਾਹਰਾ ਜਥੇਬੰਦ ਕਰਨ ਵਾਲਿਆਂ ਤੋਂ ਵਸੂਲਿਆ ਜਾਵੇਗਾ।" ਇਸੇ ਲੜੀ ਵਿਚ ਧਾਰਾ 11.1 ਵਿਚ ਦਰਜ ਕੀਤਾ ਗਿਆ ਹੈ ਕਿ ਜੇ ਕਿਸੇ ਕਿਸਮ ਦੀ ਘਟਨਾ ਵਾਪਰਦੀ ਹੈ, ਉਸ ਲਈ ਵੀਡੀਓ ਗ੍ਰਾਫੀ ਪ੍ਰਸਤੁਤ ਕਰਨਾ ਵੀ ਉਨ੍ਹਾਂ ਦੀ ਜ਼ਿੰਮੇਵਾਰੀ ਹੋਵੇਗੀ। ਇਸ ਕਿਸਮ ਦੇ ਕਾਨੂੰਨ ਰਾਹੀਂ ਪੰਜਾਬ ਦੇ ਸਮੁੱਚੇ ਲੋਕਾਂ ਦੇ ਗੁੱਸੇ ਤੇ ਜਜ਼ਬਾਤਾਂ ਨੂੰ ਠੱਲ ਪਾਉਣ ਲਈ ਕਾਨੂੰਨਾਂ ਦਾ ਸਹਾਰਾ ਲਿਆ ਜਾ ਰਿਹਾ ਹੈ। ਪੰਜਾਬ ਦੇ ਸਮਾਜ ਵਿਚ ਇਸ ਵੇਲੇ ਬੁੱਧੀਜੀਵੀ, ਵਿਦਿਆਰਥੀ, ਨੌਜਵਾਨ, ਸਿਵਲ ਸੁਸਾਇਟੀ ਗਰੁੱਪ, ਗਾਂਧੀਅਨ ਸ਼ਾਂਤੀ ਪਸੰਦ ਲੇਖਕ ਅਤੇ ਹਰ ਕਿਸਮ ਦੇ ਉਸ ਵਿਅਕਤੀ ਨੂੰ ਸ਼ਾਮਲ ਕੀਤਾ ਗਿਆ ਹੈ ਕਿ ਜੇ ਉਹ ਕਿਸੇ ਨਾ ਕਿਸੇ ਰੂਪ ਵਿਚ ਆਪਣੇ ਗੁੱਸੇ ਗਿਲੇ ਦਾ ਮੁਜ਼ਾਹਰੇ ਕਰਦੇ ਹਨ ਤਾਂ ਉਨ੍ਹਾਂ ਉਪਰ ਵੀ ਇਹ ਕਾਨੂੰਨ ਲਾਗੂ ਹੋਵੇਗਾ।"

ਇਹ ਕਾਨੂੰਨ ਸਿੱਧ ਕਰਦੇ ਹਨ ਕਿ ਪੰਜਾਬ ਜਿਹੜਾ ਇਸ ਵੇਲੇ ਵੱਖ-ਵੱਖ ਪੱਧਰ 'ਤੇ ਨਵੀਆਂ ਆਰਥਿਕ ਨੀਤੀਆਂ ਕਾਰਨ ਸੰਕਟ ਵਿਚ ਹੈ ਲੋਕਾਂ ਵਲੋਂ ਆਪਣੇ ਹੱਕਾਂ ਲਈ ਕਿਸੇ ਨਾ ਕਿਸੇ ਕਿਸਮ ਦਾ ਸੰਘਰਸ਼ ਉਤਪੰਨ ਕੀਤਾ ਜਾਂਦਾ ਹੈ।ਉਸ ਨਾਲ ਸਰਕਾਰ ਨੂੰ ਦਿੱਕਤ ਆਉਂਦੀ ਹੈ। ਇਹ ਪੇਸ਼ਕਾਰੀ ਅਤੇ ਕਾਨੂੰਨ ਲੋਕਾਂ ਉਪਰ ਹੀ ਲਾਗੂ ਹੋ ਰਹੇ ਹਨ।

ਪ੍ਰੰਤੂ ਦੂਸਰੇ ਪਾਸੇ ਪੰਜਾਬ ਦਾ ਰਾਜਨੀਤਕ ਮਾਹੌਲ ਇਸ ਹੱਦ ਤੱਕ ਗਰਮਾਇਆ ਜਾ ਰਿਹਾ ਹੈ ਕਿ ਸੱਤਾ 'ਚ ਜਾਂ ਸੱਤਾ ਤੋਂ ਬਾਹਰ ਰਾਜਨੀਤਕ ਤਾਕਤਾਂ ਸਮੁੱਚੇ ਪੰਜਾਬ ਨੂੰ ਜਾਤਾਂ, ਧਰਮਾਂ ਅਤੇ ਆਪਣੀਆਂ ਵੋਟ ਬੈਂਕਾਂ ਵਿਚ ਬਦਲਣ ਲਈ ਤਤਪੁਰ ਹੋਈਆਂ ਹਨ। ਪੰਜਾਬ ਦੀ ਰੋਜ਼ਮਰਾਂ ਦੀ ਅਖ਼ਬਾਰੀ ਸ਼ੈਲੀ ਪੜ੍ਹਨ ਵਾਲੀ ਹੁੰਦੀ ਹੈ ਜਿਸ ਵਿਚ ਅਕਸਰ ਦਰਜ ਕੀਤਾ ਗਿਆ ਹੁੰਦਾ ਹੈ ਕਿ ਜਿਵੇਂ ਮੁੜ ਪੰਜਾਬ ਅਗਲੇ ਛੇ ਮਹੀਨਿਆਂ ਲਈ ਦੋ ਪਰਿਵਾਰਾਂ ਦੀ ਆਪਸੀ ਲੜਾਈ ਦਾ ਅਖਾੜਾ ਬਣਨ ਜਾ ਰਿਹਾ ਹੋਵੇ। ਇਸ ਲਈ ਵਿਚ ਇਕ ਸਮਝਦਾਰ ਕਿਸਮ ਦੀ ਸੋਚ ਵਿਕਸਤ ਕਰਨਾ ਅਣਸਰਦੀ ਲੋੜ ਹੈ। ਦੇਸ਼ਾਂ ਵਿਦੇਸ਼ਾਂ ਵਿਚ ਰੋਜ਼ੀ ਰੋਟੀ ਲਈ ਗਏ ਪੰਜਾਬੀਆਂ ਨੂੰ ਅਜੋਕੀ ਹਕੀਕੀ ਸਥਿਤੀ ਤੋਂ ਚਾਨਣਾ ਪਾਉਣਾ ਇਕ ਅਗਾਂਹਵਧੂ ਸੋਚ ਦਾ ਹਿੱਸਾ ਹੋਣਾ ਚਾਹੀਦਾ ਹੈ।ਕੀ ਕਾਰਨ ਹੈ ਕਿ ਪਿੰਡਾਂ ਦੇ ਪਿੰਡ ਬਿਨਾਂ ਹਸਪਤਾਲਾਂ ਤੋਂ ਪਏ ਹਨ, ਸਕੂਲਾਂ 'ਚ 16ਵੀਂ ਸਦੀ ਵਾਲੀਆਂ ਸਹੂਲਤਾਂ ਹੀ ਹਨ। ਅਧਿਆਪਕ ਆਪਣੀ ਰੋਜ਼ਮਰਾ ਦੀ ਜੀਵਨ ਜਾਚ ਲਈ ਸੰਘਰਸ਼ ਕਰ ਰਹੇ ਹਨ ਅਤੇ ਟੈਂਕੀਆਂ 'ਤੇ ਚੜ੍ਹ ਕੇ ਆਪਣੀ ਲੜਾਈ ਨੂੰ ਮੌਤ ਵਿਚ ਬਦਲਣ ਲਈ ਤਤਪਰ ਹਨ। ਕਿਸਾਨ ਜਿਨ੍ਹਾਂ ਨੇ ਕਈ ਥਾਵਾਂ 'ਤੇ ਲਿਖ ਕੇ ਵੀ ਲਾਇਆ ਕਿ ਅਸੀਂ ਵਿਕਾਊ ਹਾਂ। ਇਸੇ ਕੜੀ ਵਿਚ ਪ੍ਰਸਿੱਧ ਅਰਥ ਸ਼ਾਸਤਰੀ ਡਾ. ਸੁਖਪਾਲ ਸਿੰਘ ਦੀ ਆੜਤੀਆਂ ਬਾਰੇ ਖੋਜ ਵਿਚ ਸਪਸ਼ਟ ਦਰਜ ਹੈ, "ਉਨ੍ਹਾਂ ਨੂੰ ਇੰਨਾ ਕਰਜ਼ਈ ਕਰ ਦਿੱਤਾ ਗਿਆ ਹੈ ਕਿ ਉਨ੍ਹਾਂ ਕੋਲ ਆਤਮ ਹੱਤਿਆ ਕਰਨ ਤੋਂ ਬਿਨਾਂ ਕੋਈ ਰਸਤਾ ਨਹੀਂ ਬਚਿਆ।" ਇਹ ਕਿਸਮ ਦੀ ਸਥਿਤੀ ਵਿਚ ਪੰਜਾਬ ਵਿਚ ਜਸ਼ਨ-ਏ-ਆਜ਼ਾਦੀ ਮਨਾਈ ਜਾ ਰਹੀ ਹੈ।ਵਿਦੇਸ਼ਾਂ ਵਿਚ ਬੈਠੇ ਪੰਜਾਬੀਆਂ ਨੂੰ ਸ਼ਾਇਦ ਕਈ ਵਾਰੀ ਜਾਪਦਾ ਹੈ ਕਿ ਕਦੀ ਤਾਂ ਭਲੇ ਦਿਨ ਆਵਣਗੇ ਪੰਜਾਬ ਕਿਸੇ ਨਾ ਕਿਸੇ ਕਿਸਮ 'ਤੇ ਪਹੁੰਚਕੇ ਇਕ ਦਿਨ ਜ਼ਰੂਰ ਆਪਣੀ ਇਤਿਹਾਸਕ ਤੇ ਸਭਿਆਚਾਰਕ ਵਿਰਾਸਤ ਦੇ ਸਿਰ 'ਤੇ ਵਿਕਸਤ ਕਰੇਗਾ ਪਰ ਸ਼ਾਇਦ ਉਹ ਦਿਨ ਨੇੜ ਭਵਿੱਖ ਵਿਚ ਦਿਖਾਈ ਨਹੀਂ ਦੇ ਰਹੇ।ਵਿਦੇਸ਼ੀ ਬੈਠੇ ਪੰਜਾਬੀਆਂ ਦੀ ਡਿਊਟੀ ਬਣਦੀ ਹੈ ਕਿ ਉਹ ਜਿਨ੍ਹਾਂ ਘਰਾਂ ਨੂੰ ਅਲਵਿਦਾ ਕਹਿ ਆਏ ਹਨ ਜਿਨ੍ਹਾਂ ਦੇ ਜ਼ਹਿਨ ਵਿਚ ਅਜੇ ਵੀ ਅਤੀਤ ਭਾਰੂ ਹੈ। ਉਨ੍ਹਾਂ ਜਿਨ੍ਹਾਂ ਨੇ ਵਿਦੇਸ਼ਾਂ ਵਿਚ ਜਾ ਕੇ ਆਪਣੇ ਸਭਿਆਚਾਰਕ ਵਿਰਸੇ ਦੀ ਸੰਭਾਲ ਕੀਤੀ ਹੋਈ ਹੈ ਅਤੇ ਵਿਹਲੇ ਵਕਤ ਉਨ੍ਹਾਂ ਨੂੰ ਪੰਜਾਬ ਦਾ ਦਰਦ ਬੇਚੈਨ ਕਰਦਾ ਹੈ।ਇਕ ਕੁਦਰਤੀ ਵੀ ਹੁੰਦਾ ਹੈ ਕਿ ਜਿਨ੍ਹਾਂ ਹਿੱਸਿਆਂ ਨੂੰ ਤੁਸੀਂ ਛੱਡ ਕੇ ਗਏ ਹੋ ਉਨ੍ਹਾਂ ਬਾਰੇ ਚਿੰਤਾ ਲਗਾਤਾਰ ਸਿਖਾਉਂਦੀ ਰਹਿੰਦੀ ਹੈ।ਉਨ੍ਹਾਂ ਦੇ ਦਰਦਾਂ ਨੂੰ ਆਪਣੇ ਦਰਦ ਸਮਝ ਕੇ ਸਹੀ ਰੂਪ 'ਚ ਪੰਜਾਬੀ ਭਰਾਵਾਂ ਨੂੰ ਚੇਤਨ ਕਰੀਏ।

- ਡਾ. ਕੁਲਦੀਪ ਸਿੰਘ

# ਜੰਗ : ਅਮਨ ਤੇ ਸ਼ਾਂਤੀ ਲਈ ਚੁਣੌਤੀਆਂ ਭਰਿਆ ਕਾਰਜ



**ਸਾਨੂੰ ਬਿਨਾਂ ਕਸੂਰ ਤੋਂ ਕਿੰਨੇ ਵੇਰੀ ਉਜਾੜਿਆ ਗਿਆ ਹੈ। ਅਸੀਂ ਸ਼ਾਇਦ ਇਸ ਧਰਤੀ 'ਤੇ ਆਪਣਾ ਇਤਿਹਾਸ ਕਦੇ ਵੀ ਨਾ ਬਣਾ ਸਕੀਏ। ਸਾਡੀਆਂ ਭਵਿੱਖ ਦੀਆਂ ਪੀੜ੍ਹੀਆਂ ਨੂੰ ਬੇਘਰ ਕਰਨ ਵਾਲਿਆਂ ਅੱਗੇ ਸਾਡਾ ਸਵਾਲ ਸਦੀਆਂ ਤੋਂ ਖੜ੍ਹਾ ਹੈ ਜੋ ਜਵਾਬ ਮੰਗਦਾ ਹੈ।**

ਪ੍ਰਸਿੱਧ ਵਿਦਵਾਨ ਡੀ. ਇਸਨਹੋਵਰ ਨੇ ਆਪਣੇ ਖੋਜ ਕਾਰਜਾਂ ਤੋਂ ਵਿਦਾਇਗੀ ਲੈਂਦਿਆਂ 1961 ਵਿਚ ਲਿਖਿਆ ਸੀ, "ਅਸੀਂ ਬੜੇ ਉਦਾਸਮਈ ਸਮੇਂ ਵੱਲ ਨੂੰ ਵਧ ਰਹੇ ਹਾਂ ਜਦੋਂ ਇਕ ਹੋਰ ਜੰਗ ਪੂਰੀ ਸਭਿਅਤਾ ਨੂੰ ਤਬਾਹ ਕਰ ਦੇਵੇਗੀ ਜਿਹੜੀ ਸਭਿਅਤਾ ਹਜ਼ਾਰਾਂ ਸਾਲਾਂ ਦੇ ਬੜੇ ਔਖੇ ਅਤੇ ਲੰਬੇ ਸਮੇਂ ਵਿਚ ਵਿਕਸਿਤ ਹੋਈ ਹੈ। ਮੈਂ ਦੁਆ ਕਰਦਾ ਹਾਂ ਕਿ ਕਿਸੇ ਪਾਸੇ ਤੋਂ ਸ਼ਾਂਤੀ ਦੀ ਰੋਸ਼ਨੀ ਆਵੇ।...ਜਦੋਂ ਅਸੀਂ ਭਵਿੱਖ ਦੇ ਸਮਾਜ ਦੀ ਗੱਲ ਕਰ ਰਹੇ ਹਾਂ ਅਸੀਂ ਤੇ ਸਾਡੀਆਂ ਸਰਕਾਰਾਂ ਸਿਰਫ਼ ਸਰੋਤਾਂ ਨੂੰ ਅੱਜ ਦੇ ਸਮਝ ਕੇ ਹੀ ਖਤਮ ਕਰ ਰਹੀਆਂ ਹਨ। ਅਸੀਂ ਜਿਨ੍ਹਾਂ ਨੂੰ ਪਦਾਰਥਕ ਖ਼ਜ਼ਾਨੇ ਵਿਰਾਸਤ ਵਿਚੋਂ ਮਿਲੇ ਸਨ ਜਿਸ ਵਿਚ ਬੜੀਆਂ ਵਧੀਆ ਰਾਜਨੀਤਕ ਅਤੇ ਰੂਹਾਨੀਅਤ ਵਾਲੇ ਵਿਰਸੇ ਦੀਆਂ ਸੋਚਾਂ ਸਮੋਈਆਂ ਹੋਈਆਂ ਸਨ ਪਰ ਅਸੀਂ ਉਹ ਹਾਂ ਜੋ ਆਪਣੇ ਪੋਤਿਆਂ ਲਈ ਕੁਝ ਵੀ ਇਸ ਧਰਤੀ ਛੱਡ ਕੇ ਨਹੀਂ ਜਾ ਰਹੇ। ਮੈਂ ਚਾਹੁੰਦਾ ਹਾਂ ਕਿ ਅਸੀਂ ਸਮਾਜਾਂ ਨੂੰ ਆਉਣ ਵਾਲੀਆਂ ਪੀੜ੍ਹੀਆਂ ਲਈ ਸਥਾਪਤ ਕਰੀਏ ਸਿਰਫ਼ ਅੱਜ ਤੱਕ ਹੀ ਸੀਮਤ ਨਾ ਕਰ ਦੇਈਏ।"

ਡੀ. ਇਸਨਹੋਵਰ ਦੇ ਇਹ ਸ਼ਬਦ ਅੱਜ ਪੰਜਾਹ ਸਾਲਾਂ ਬਾਅਦ ਵੀ ਸੱਚਾਈ ਦੇ ਰੂਪ ਵਿਚ ਨਸ਼ਰ ਹੋ ਰਹੇ ਹਨ ਜਦੋਂ ਦੂਸਰੀ ਸੰਸਾਰ ਜੰਗ ਤੋਂ ਬਾਅਦ ਅਮਰੀਕਾ ਇਕ ਵੱਡੀ ਜੰਗ ਵਿਚ ਉਲਝਿਆ ਹੋਇਆ ਹੈ। ਹਾਲਾਂਕਿ 1939 ਦੇ ਮਦਵਾੜੇ ਤੋਂ ਬਾਅਦ ਦੂਸਰੀ ਸੰਸਾਰ ਜੰਗ ਨੇ ਜਨਮ ਲਿਆ ਸੀ ਜਿਸ ਜੰਗ ਰਾਹੀਂ ਯੂਰਪ ਨੂੰ ਕਾਫ਼ੀ ਕੀਮਤ ਦੇਣੀ ਪਈ ਸੀ। ਜੰਗ ਦੇ ਅੰਤਲੇ ਵਰ੍ਹਿਆਂ ਵਿਚ ਅਮਰੀਕਾ ਨੇ ਜਾਪਾਨ ਦੇ ਦੋ ਸ਼ਹਿਰ ਹੀਰੋਸ਼ੀਮਾ ਅਤੇ ਨਾਗਾਸਾਕੀ ਤਬਾਹ ਕਰ ਦਿੱਤੇ ਸਨ। ਇਸ ਜੰਗ ਵਿਚ ਤਬਾਹੀਆਂ ਦੇ ਬਾਵਜੂਦ ਇਕ ਨਵੇਂ ਕਿਸਮ ਦੀ ਸੋਚ ਸੋਵੀਅਤ ਯੂਨੀਅਨ ਅਤੇ ਚੀਨ ਰਾਹੀਂ ਵਿਕਸਿਤ ਵੀ ਹੋਈ ਸੀ ਪ੍ਰੰਤੂ ਅਮਰੀਕਾ ਨੇ ਦੂਸਰੀ ਸੰਸਾਰ ਜੰਗ ਦੇ ਭਿਆਨਕ ਨਤੀਜਿਆਂ ਤੋਂ ਸਬਕ ਸਿੱਖਣ ਦੀ ਥਾਂ ਆਪਣੀ ਆਰਥਿਕਤਾ ਨੂੰ ਵਿਕਸਿਤ ਕਰਨ ਦਾ ਢੰਗ ਸਿਰਫ਼ ਜੰਗੀ ਆਰਥਿਕਤਾ (war Economy) ਤੱਕ ਸੰਘੇੜ ਦਿੱਤਾ। ਦੂਸਰੀ ਸੰਸਾਰ ਜੰਗ ਤੋਂ ਬਾਅਦ ਅਮਰੀਕਾ ਨੇ ਦੁਨੀਆ ਦੇ ਵੱਖ-ਵੱਖ ਮੁਲਕਾਂ ਨੂੰ ਹਥਿਆਰਾਂ ਦੀ ਸਪਲਾਈ ਕਰਨ ਨਾਲ ਹੀ ਆਪਣੀ ਆਰਥਿਕਤਾ ਵਿਕਸਿਤ ਕੀਤੀ। ਇਸ ਦਾ ਮੁਕਾਬਲਾ ਕਰਨ ਲਈ ਸੋਵੀਅਤ ਯੂਨੀਅਨ ਨੂੰ ਵੀ ਆਪਣਾ ਬਹੁਤਾ ਸਰਮਾਇਆ ਹਥਿਆਰਾਂ 'ਤੇ ਖਰਚਣਾ ਪਿਆ ਜਿਸ ਦਾ ਨਤੀਜਾ ਇਹ ਨਿਕਲਿਆ ਕਿ ਸੋਵੀਅਤ ਯੂਨੀਅਨ ਸਦਾ ਲਈ ਦੁਨੀਆ ਦੇ ਪੈਮਾਨੇ ਤੋਂ ਆਪਣੀ ਤਾਕਤੀ ਸ਼ਕਤੀ ਨੂੰ ਗਵਾ ਬੈਠਾ। ਇਹ ਸ਼ਕਤੀ ਭਲਾ 1990 ਵਿਚ ਖਤਮ ਹੋ ਗਈ ਪ੍ਰੰਤੂ ਜਿਸ ਕਿਸਮ ਦਾ ਚਲਣ ਢੰਗ ਅਮਰੀਕਾ ਨੇ ਰੱਖਿਆ ਉਸ ਨਾਲ ਇਕ ਦੂਸਰੀ ਸੰਸਾਰ ਜੰਗ ਤੋਂ ਬਾਅਦ ਇਰਾਕ ਨਾਲ ਇਕ ਹੋਰ ਲੜਾਈ ਲੜੀ ਜਾ ਰਹੀ ਹੈ। ਸੰਨ 2003 ਪ੍ਰਸਿੱਧ ਰਾਜਨੀਤਕ ਵਿਸ਼ਲੇਸ਼ਕ ਈ ਐਮ ਵੁੱਡ ਨੇ ਆਪਣੀ ਕਿਤਾਬ 'ਸਰਮਾਏ ਦਾ ਬਾਦਸ਼ਾਹ' ਵਿਚ ਲਿਖਦਿਆਂ ਕਿਹਾ, "ਅਮਰੀਕਾ ਕੋਲ ਅੱਜ ਇੰਨੀ ਤਾਕਤ ਹੈ ਕਿ ਉਹ ਬਿਨਾਂ ਸਿੱਧਾ ਹਮਲੇ ਕੀਤਿਆਂ ਕਿਸੇ ਵੀ ਮੁਲਕ ਦੀ ਬਾਂਹ ਮਰੋੜ ਕੇ ਆਪਣੀਆਂ ਨੀਤੀਆਂ ਨੂੰ ਲਾਗੂ ਕਰ ਸਕਦਾ ਹੈ, ਉਸ ਦੀਆਂ ਨੀਤੀਆਂ ਅੱਗੇ ਸੋਵੀਅਤ ਯੂਨੀਅਨ ਦੇ ਢਹਿ ਢੇਰੀ ਹੋ ਜਾਣ ਤੋਂ ਬਾਅਦ ਕੋਈ ਵੀ ਮੁਲਕ ਅੜਨ ਦੀ ਸਮਰੱਥਾ ਨਹੀਂ ਰੱਖਦਾ, ਹਰੇਕ ਰਾਜ ਉਸ ਸੰਸਾਰ ਬਦਲ ਰਿਹਾ ਹੈ, ਇਰਾਕ ਉਪਰ ਸਿੱਧੇ ਹਮਲਾ ਕਿਸੇ ਦਿਨ ਅਮਰੀਕਾ ਦੇ ਗਲ ਦਾ ਫੰਦਾ ਬਣ ਸਕਦਾ ਹੈ।" ਜੰਗ ਤੁਹਾਡੀ ਸਮਝਦਾਰੀ ਤੇ ਲਾਲਸਾਵਾਂ ਅਨੁਸਾਰ ਹੀ ਨਹੀਂ ਚਲਦੀ ਬਲਕਿ ਮੁਕਾਬਲੇ ਦੀਆਂ ਤਾਕਤਾਂ ਕਈ ਵਾਰੀ ਨੁਕਸਾਨ ਕਰਵਾਕੇ ਵੀ ਵੱਡੀ ਤੋਂ ਵੱਡੀ ਤਾਕਤ ਨੂੰ ਬੰਧਲਾ ਦਿੰਦੀਆਂ ਹਨ। ਅੱਜ ਅਮਰੀਕਾ ਇਸ ਕਿਸਮ ਦੀ ਸਥਿਤੀ ਵਿਚ ਗੁਜ਼ਰ ਰਿਹਾ ਹੈ। ਪਿਛਲੇ ਦਸ ਸਾਲਾਂ ਵਿਚ 2 ਲੱਖ 25 ਹਜ਼ਾਰ ਲੋਕ ਮਾਰੇ ਗਏ ਹਨ ਅਤੇ 3.2-4 ਟਰੀਲੀਅਨ ਡਾਲਰ ਜੰਗ ਉਪਰ ਖਰਚ ਆ ਚੁੱਕਾ ਹੈ। ਇਨ੍ਹਾਂ ਮਾਰੇ ਗਏ ਵਿਅਕਤੀਆਂ ਵਿਚ ਬਹੁਤੇ ਇਰਾਕੀ, ਅਫ਼ਗਾਨੀ ਤੇ ਪਾਕਿਸਤਾਨੀ ਨਾਗਰਿਕ ਸ਼ਾਮਲ ਹਨ। ਇਸ ਜੰਗ ਨੇ ਸਮਾਜਿਕ ਤੇ ਸਿਆਸੀ ਕੀਮਤ ਬੜੀ ਵਸੂਲੀ ਹੈ। ਜਿਥੇ 2 ਲੱਖ 25 ਹਜ਼ਾਰ ਲੋਕ ਮਰੇ ਹਨ ਇਸ ਦੇ ਨਾਲ ਹੀ 3 ਲੱਖ 65 ਹਜ਼ਾਰ ਜ਼ਖ਼ਮੀ ਵੀ ਹੋਏ ਹਨ। ਅਮਰੀਕਾ ਦੇ 6 ਹਜ਼ਾਰ ਫੌਜੀ ਤੇ 2300 ਵੱਖ-ਵੱਖ ਕੰਮਾਂ ਵਿਚ ਲੱਗੇ ਕਰਿੰਦੇ ਮਰੇ ਹਨ। ਇਸ ਨਾਲ ਜੁੜੀਆਂ ਵੱਖ-ਵੱਖ ਹੋਰ ਸਬੰਧਤ ਫੌਜਾਂ ਜਿਨ੍ਹਾਂ ਵਿਚ ਇਰਾਕੀ ਤੇ ਅਫ਼ਗਾਨੀ ਫੌਜਾਂ ਵੀ ਸ਼ਾਮਲ ਹਨ ਉਹ ਲਗਭਗ 20 ਹਜ਼ਾਰ ਇਸ ਵਿਚ ਮਾਰੇ ਗਏ ਹਨ।

ਇਸਨਹੋਵਰ ਸਟੱਡੀ ਗਰੁੱਪ (ਜੂਨ 2011) ਦੀ ਇਕ ਰਿਪੋਰਟ ਮੁਤਾਬਿਕ ਹੇਠ ਲਿਖੇ ਅਨੁਸਾਰ ਮਾਰੇ ਗਏ ਵਿਅਕਤੀਆਂ ਦਾ ਵੇਰਵਾ

ਦਰਜ ਹੈ :

**ਸਾਰਣੀ**-1

**ਸੁਰੱਖਿਆ ਦਸਤੇ**

| **ਵੇਰਵਾ** | **ਗਿਣਤੀ** |
|---|---|
| ਯੂ ਐਸ ਏ ਦੇ ਸੋਲਜਰ | 6051 |
| ਯੂ ਐਸ ਏ ਕੰਟੈਕਟਰ | 2300 |
| ਇਰਾਕੀ ਸੁਰੱਖਿਆ ਦਸਤੇ | 9922 |
| ਅਫ਼ਗਾਨੀ ਸੁਰੱਖਿਆ ਦਸਤੇ | 8756 |
| ਪਾਕਿਸਤਾਨ ਸੁਰੱਖਿਆ ਦਸਤੇ | 3520 |
| ਦੂਸਰੀਆਂ ਸਬੰਧਤ ਫੌਜਾਂ | 1192 |
| **ਕੁਲ ਜੋੜ** | **31741** |
| **ਸਿਵਲੀਅਨ** | |
| ਅਫ਼ਗਾਨ ਸਿਵਲੀਅਨ | 1170 |
| ਇਰਾਕੀ ਸਿਵਲੀਅਨ | 125000 |
| ਪਾਕਿਸਤਾਨੀ ਸਿਵਲੀਅਨ | 35600 |
| ਕੁੱਲ ਸਿਵਲੀਅਨ | 172300 |
| **ਵਿਦਰੋਹੀ/ਵਿਰੋਧੀ** | |
| ਅਫ਼ਗਾਨ ਵਿਦਰੋਹੀ | 10000 |
| ਇਰਾਕੀ ਆਰਮੀ (2003) | 10000 |
| ਪਾਕਿਸਤਾਨ ਵਿਦਰੋਹੀ | ਪਤਾ ਨਹੀਂ |
| ਕੁੱਲ ਜੋੜ | 20000 |
| ਪੱਤਰਕਾਰ/ਮੀਡੀਆ ਵਰਕਰ | |
| ਅਫ਼ਗਾਨਿਸਤਾਨ | 18 |
| ਇਰਾਕ | 143 |
| ਪਾਕਿਸਤਾਨ | 7 |
| ਕੁੱਲ ਪੱਤਰਕਾਰ/ਮੀਡੀਆ ਵਰਕਰ | 168 |
| **ਮਾਨਵੀ ਕਾਮੇ** | |
| ਅਫ਼ਗਾਨਿਸਤਾਨ | 172 |
| ਇਰਾਕ | 94 |
| ਪਾਕਿਸਤਾਨ | ਪਤਾ ਨਹੀਂ |
| ਕੁੱਲ ਮਾਨਵੀ ਕਾਮੇ | 266 |
| **ਕੁੱਲ ਸਮੁੱਚੇ ਦਾ ਜੋੜ** | **224475** |

ਉਪਰੋਕਤ ਤੋਂ ਸਪਸ਼ਟ ਹੁੰਦਾ ਹੈ ਕਿ ਇਸ ਜੰਗ ਨੇ ਕਿੰਨਾ ਮਾਨਵੀ ਨੁਕਸਾਨ ਪਹੁੰਚਾਇਆ ਹੈ। ਇਸ ਤਸਵੀਰ ਦੀ ਭਿਆਨਕਤਾ ਨੂੰ ਹੋਰ ਦੇਖਣ ਲਈ ਹੇਠ ਲਿਖੇ ਅਨੁਸਾਰ ਇਕ ਹੋਰ ਸਾਰਣੀ ਦਿੱਤੀ ਜਾ ਰਹੀ ਹੈ।

**ਸਾਰਣੀ**-2

**ਜੰਗ ਵਿਚ ਜ਼ਖ਼ਮੀਆਂ ਦੀ ਗਿਣਤੀ**

| **ਜ਼ਖ਼ਮੀ** | **ਗਿਣਤੀ** |
|---|---|
| ਅਮਰੀਕੀ ਸੋਲਜਰ | 99065 |
| ਅਮਰੀਕਨ ਕਟੈਕਟਰ | 51031 |
| ਇਰਾਕੀ ਸੁਰੱਖਿਆ ਦਸਤੇ | 29767 |
| ਅਫਗਾਨੀ ਸੁਰੱਖਿਆ ਦਸਤੇ | 26268 |
| ਦੂਸਰੇ ਸਬੰਧਤ ਦਸਤੇ | 12332 |
| ਕੁੱਲ ਜੋੜ | 218462 |
| **ਸਿਵਲੀਅਨ ਜ਼ਖ਼ਮੀ** | |
| ਅਫ਼ਗਾਨ ਸਿਵਲੀਅਨ | 17544 |
| ਇਰਾਕੀ ਸਿਵਲੀਅਨ | 109558 |
| ਪਾਕਿਸਤਾਨੀ ਸਿਵਲੀਅਨ | 19819 |
| **ਜੋੜ** | **146,921** |
| **ਕੁੱਲ ਜੋੜ** | **365,383** |

ਉਪਰੋਕਤ ਤਸਵੀਰ ਤੋਂ ਇਲਾਵਾ ਜਿਨ੍ਹਾਂ ਦੇ ਘਰ-ਬਾਰ ਉਜੜੇ, ਘਰੋਂ ਬੇਘਰ ਹੋਏ ਉਨ੍ਹਾਂ ਦੀ ਗਿਣਤੀ ਹੇਠ ਲਿਖੇ ਅਨੁਸਾਰ ਹੈ।

**ਸਾਰਣੀ**-3

**ਜੰਗ ਦੌਰਾਨ ਘਰੋਂ ਬੇਘਰ ਹੋਏ**

| ਬੇਘਰੇ | ਰਿਫਿਊਜ਼ੀ | ਅੰਦਰੂਨੀ ਉਥਲ-ਪੁਥਲ |
|---|---|---|
| ਅਫਗਾਨ ਸਿਵਲੀਅਨ | 2,900,000 | 415,000 |
| ਇਰਾਕੀ ਸਿਵਲੀਅਨ | 1,800,000 | 1,70000 |
| ਪਾਕਿਸਤਾਨੀ ਸਿਵਲੀਅਨ | 965,000 | 35,000 |
| **ਕੁੱਲ ਜੋੜ** | **5,665,000** | **2,150000** |

ਜੰਗ ਦੀ ਇਸ ਭਿਆਨਕ ਤਬਾਹੀ ਨਾਲ ਮਨੁੱਖੀ ਜਾਨਾਂ ਦਾ ਤਾਂ ਨੁਕਸਾਨ ਹੋਇਆ ਹੀ ਹੈ ਇਸ ਦੇ ਨਾਲ ਜਿਸ ਕਿਸਮ ਦੀ ਕੀਮਤ ਆਮ ਲੋਕਾਂ ਨੂੰ ਦੇਣੀ ਪਈ ਹੈ ਉਸ ਦਾ ਅੰਦਾਜ਼ਾ ਲਾਉਣਾ ਬਹੁਤ ਔਖਾ ਹੈ। ਜਜ਼ਬਾਤੀ ਤਰੇੜਾਂ, ਮਾਨਵੀ ਸਾਂਝਾ ਮਨੁੱਖੀ ਰਿਸ਼ਤੇ ਸਮਾਜਿਕ ਤਣਾਅ ਆਦਿ ਵਰਗੇ ਪਹਿਲੂਆਂ ਨੂੰ ਇਕੱਲੇ ਇਰਾਕੀ, ਅਫ਼ਗਾਨੀ ਤੇ ਪਾਕਿਸਤਾਨੀਆਂ ਨੂੰ ਹੀ ਨਹੀਂ ਘੇਰਿਆ ਬਲਕਿ ਅਮਰੀਕਾ ਦੇ ਖੁਦ ਦੇਸ਼ ਅੰਦਰ ਇਕ ਕਿਸਮ ਦਾ ਤਣਾਅ ਵਾਲਾ ਮਾਹੌਲ ਲਗਾਤਾਰ ਬਰਕਰਾਰ ਹੈ। ਕਈ ਕਿਸਮ ਦੀਆਂ ਵੱਖ-ਵੱਖ ਖੋਜਾਂ ਜਿਸ ਵਿਚ ਯੂਨਾਈਟਿਡ ਨੇਸ਼ਨਜ਼, ਸੰਸਾਰ ਸਿਹਤ ਸੰਸਥਾ, ਸੰਸਾਰ ਭੋਜਨ ਪ੍ਰੋਗਰਾਮ, ਕੌਮਾਂਤਰੀ ਰੈਡ ਕਰਾਸ ਕਮੇਟੀ ਆਦਿ ਨੇ ਵੱਖ-ਵੱਖ ਢੰਗਾਂ ਰਾਹੀਂ ਬਾਰ ਜ਼ੋਨ ਵਿਚ ਮਦਦ ਕੀਤੀ ਹੈ। ਇਸ ਤੋਂ ਇਲਾਵਾ ਇਸ ਜੰਗ ਵਿਚ ਜਿੰਨੀ ਆਰਥਿਕ ਕੀਮਤ ਅਮਰੀਕਾ ਨੂੰ ਉਤਾਰਨੀ ਪਈ ਹੈ ਉਹ ਏਨਾ ਕਦੀ ਸੁਪਨੇ ਵਿਚ ਵੀ ਨਹੀਂ ਸੋਚਿਆ ਸੀ।ਪੇਂਟਾਗਨ ਨੂੰ ਆਧੁਨਿਕ ਲੀਹਾਂ ਤੱਕ ਵਿਕਸਿਤ ਕਰਨ ਲਈ 2001 ਤੋਂ 2011 ਤੱਕ 1313 ਬਿਲੀਅਨ ਡਾਲਰ ਖਰਚਣੇ ਪਏ।ਇਸ ਦੇ ਨਾਲ ਹੀ ਪੇਂਟਾਗਨ ਦੇ ਆਧਾਰ ਨੂੰ ਮਜਬੂਤ ਕਰਨ ਲਈ ਇਨ੍ਹਾਂ ਦੇਸ਼ਾਂ ਵਿਚ 326.2 ਬਿਲੀਅਨ ਡਾਲਰ ਅਤੇ ਪੇਂਟਾਗਨ ਲਈ ਖਰਚੇ ਗਏ ਪੈਸੇ ਉਪਰ ਦਸਾਂ ਸਾਲਾਂ ਵਿਚ 185.4 ਬਿਲੀਅਨ ਡਾਲਰ ਵਿਆਜ ਲੱਗਾ ਹੈ। ਵੈਟਰਨਜ਼ ਦੀ ਮੈਡੀਕਲ ਸਹੂਲਤ ਲਈ 32.6 ਬਿਲੀਅਨ ਡਾਲਰ ਅਤੇ ਆਪਣੇ ਦੇਸ਼ ਅੰਦਰ ਅਤਿਵਾਦ ਦੇ ਹਊਏ ਨੂੰ ਠੱਲ ਪਾਉਣ ਲਈ 401.2 ਬਿਲੀਅਨ ਡਾਲਰ ਖਰਚ ਆਇਆ ਹੈ। ਇਸ ਕਿਸਮ ਦੀ ਕੀਮਤ ਖੁਦ ਅਮਰੀਕਾ ਉਤਾਰ ਰਿਹਾ ਹੈ।ਅਮਰੀਕਾ ਦੀ ਤਰਾਸ਼ਦੀ ਹੋਰ ਵੀ ਹੈ ਕਿ ਜਿਸ ਤਰ੍ਹਾਂ ਇਸ ਨੂੰ ਜੰਗ ਤੋਂ ਬਾਅਦ ਵੈਟਰਨਜ਼ ਲਈ ਸਹੂਲਤਾਂ ਦੇਣੀਆਂ

ਪੈਂਦੀਆਂ ਹਨ ਉਹ ਲਗਭਗ 40 ਸਾਲ ਦਾ ਅਰਸਾ ਬਣਦਾ ਹੈ ਜਿਸ 'ਤੇ ਆਉਣ ਵਾਲੇ ਇਨ੍ਹਾਂ ਸਾਲਾਂ ਵਿਚ ਅਮਰੀਕਾ ਨੂੰ ਪ੍ਰਸਿੱਧ ਅਰਥਸ਼ਾਸਤਰੀ ਸਟਿਗਲਸ ਅਤੇ ਬਿਲਮਿਸ ਦੀ ਖੋਜ ਮੁਤਾਬਕ 6 ਬਿਲੀਅਨ ਡਾਲਰ ਤੋਂ ਲੈ ਕੇ ਇਕ ਟਰੀਲੀਅਨ ਡਾਲਰ ਤੱਕ ਖਰਚ ਕਰਨਾ ਪਵੇਗਾ।'



ਲਗਾਤਾਰ ਮਿਲਟਰੀ ਉਪਰ ਖਰਚੇ ਵਧਣ ਦੇ ਨਾਲ-ਨਾਲ ਨੌਕਰੀਆਂ ਵਿਚ ਕਟੌਤੀ, ਸਮਾਜਿਕ ਸਹੂਲਤਾਂ ਵਿਚ ਕਟੌਤੀ ਅਤੇ ਸਿਆਸੀ ਅਸਥਿਰਤਾ ਅਮਰੀਕਾ ਵਿਚ ਵਧ ਰਹੀ ਹੈ।ਇਥੋਂ ਤੱਕ ਕਿ ਮਾਨਵੀ ਹੱਕਾਂ ਦੀ ਲੜਾਈ ਲੜਨ ਵਾਲਿਆਂ ਨੂੰ ਕਈ ਕਿਸਮ ਦੀਆਂ ਬੰਦਸ਼ਾਂ ਵਿਚੋਂ ਲੰਘਣਾ ਪੈਂਦਾ ਹੈ।ਸਾਊਥ ਏਸ਼ੀਆ ਦੇ ਲੋਕਾਂ ਲਈ ਅਮਰੀਕਾ ਵਿਚ ਦਾਖਲੇ ਲਈ ਤਰ੍ਹਾਂ ਤਰ੍ਹਾਂ ਦੀਆਂ ਬੰਦਸ਼ਾਂ ਵਿਚੋਂ ਗੁਜ਼ਰਨਾ ਪੈਂਦਾ ਹੈ। ਉਨ੍ਹਾਂ ਦੇ ਹਵਾਈ ਅੱਡਿਆਂ ਉਪਰ ਉਂਗਲਾਂ ਦੇ ਨਿਸ਼ਾਨ ਦੇਖੇ ਜਾਂਦੇ ਹਨ। ਉਨ੍ਹਾਂ ਨੂੰ ਕਈ ਕਿਸਮ ਦੇ ਸਵਾਲ ਕੀਤੇ ਜਾਂਦੇ ਹਨ ਅਤੇ ਇਥੋਂ ਤੱਕ ਉਨ੍ਹਾਂ ਦੇ ਵੀਜ਼ੇ ਰੱਦ ਕੀਤੇ ਜਾਂਦੇ ਹਨ।


ਮੇਜਰ ਜਨਰਲ ਡਗਲਿਸ ਸਟੋਨ ਦੀ ਰਿਪੋਰਟ (2009) ਮੁਤਾਬਕ ਬੇਤਹਾਸ਼ਾ ਬੇਗੁਨਾਹਿਆਂ ਨੂੰ ਜੇਲ੍ਹਾਂ ਵਿਚ ਸੁੱਟਿਆ ਹੋਇਆ ਹੈ।ਕਈ ਤਾਂ ਭੈੜੀਆਂ ਹਾਲਤਾਂ ਕਾਰਨ ਭਿਆਨਕ ਬਿਮਾਰੀਆਂ ਵਿਚੋਂ ਗੁਜ਼ਰ ਰਹੇ ਹਨ। ਇਨ੍ਹਾਂ ਜੰਗ ਦੇ ਪਹਿਲੂਆਂ ਤੋਂ ਇਲਾਵਾ ਜੋ ਤਬਾਹੀ ਕੁਦਰਤੀ ਵਾਤਾਵਰਣ ਦੀ ਅਫ਼ਗਾਨਿਸਤਾਨ, ਇਰਾਕ ਅਤੇ ਪਾਕਿਸਤਾਨ ਵਿਚ ਹੋਈ ਹੈ ਇਸ ਨਾਲ ਦਹਾਕਿਆਂ ਤੱਕ ਬਿਮਾਰੀਆਂ ਉਤਪੰਨ ਹੁੰਦੀਆਂ ਰਹਿਣਗੀਆਂ।ਅਮਰੀਕਾ ਦੀ ਖੁਦ ਦੀ ਸੁਰੱਖਿਆ ਵਿਭਾਗ ਦੀ ਰਿਪੋਰਟ ਮੁਤਾਬਿਕ ਮਿਲਟਰੀ ਦਾ ਪ੍ਰਤੀ ਮਹੀਨਾ 1.2 ਮਿਲੀਅਨ ਬੈਰਲ ਤੇਲ 2008 ਵਿਚ ਖਰਚ ਆਉਂਦਾ ਰਿਹਾ ਹੈ। ਇਸ ਦੇ ਹੋਰ ਵੀ ਭਿਆਨਕ ਪਹਿਲੂ ਇਹ ਹਨ ਕਿ ਜੰਗ ਘਟਣ ਦੀ ਥਾਂ ਇਸ ਦੇ ਉਲਟ ਕਈ ਕਿਸਮ ਦੇ ਨਵੇਂ ਅਤਿਵਾਦੀ ਗਰੁੱਪ ਹੋਂਦ ਵਿਚ ਆਏ ਹਨ।ਜਿਨ੍ਹਾਂ ਨੇ ਲਗਾਤਾਰ ਦੇਸ਼ ਦੇ ਅੰਦਰ ਅਤੇ ਬਾਹਰ ਜੰਗ ਵਰਗੇ ਹਾਲਾਤ ਬਣਾਏ ਹੋਏ ਹਨ।ਜੰਗ ਦੀ ਇਸ ਭਿਆਨਕਤਾ ਨੂੰ ਦੇਖਦੇ ਹੋਏ ਇਸ ਦੇ ਉਲਟ ਅਮਨ ਸ਼ਾਂਤੀ ਦੀ ਲਹਿਰ ਇਕ ਵੱਡੀ ਸੋਚ, ਸਮਝਦਾਰੀ ਅਤੇ ਸੰਜੀਦਗੀ ਦੀ ਮੰਗ ਕੀਤੀ ਹੈ।

ਸਾਊਥ ਏਸ਼ੀਆ ਦੇ ਖਿੱਤੇ ਵਿਚ ਪਿਛਲੇ ਲੰਬੇ ਸਮੇਂ ਤੋਂ ਟੁਕੜਿਆਂ ਦੇ ਵਿਚ ਕਈ ਕਿਸਮ ਦੇ ਕਾਰਜ ਹੋ ਰਹੇ ਹਨ ਪ੍ਰੰਤੂ ਜਿਸ ਕਿਸਮ ਦੀ ਲੋੜ ਅੱਜ ਬਣੀ ਹੋਈ ਹੈ ਉਸ ਵੱਲ ਪਹਿਲ ਕਦਮੀ ਜ਼ਰੂਰ ਚਾਹੀਦੀ ਹੈ।ਸਾਊਥ ਏਸ਼ੀਆ ਦੇ ਖਿੱਤੇ ਤੋਂ ਪਹਿਲਾਂ ਅਰਬ ਸੰਸਾਰ ਵਿਚ ਨੌਜਵਾਨ ਪੀੜ੍ਹੀ ਨੇ ਨਵੀਂ ਅਗੜਾਈ ਲਈ ਹੈ।ਕਈ ਕਿਸਮ ਦੇ ਪੁਰਾਤਨ ਰਾਜ ਜੋ ਅਮਰੀਕਾ ਦੇ ਸਹਾਰੇ ਖੜ੍ਹੇ ਸਨ ਉਹ ਲਟਕ ਰਹੇ ਹਨ। ਭਵਿੱਖ ਭਲਾਂ ਹਮੇਸ਼ਾ ਅਨਿਸ਼ਚਿਤ ਹੁੰਦਾ ਹੈ, ਪਰ ਜੋ ਕਰਵਟ ਸ਼ੁਰੂ ਹੋਈ ਜਿਸ ਕਿਸਮ ਨਾਲ ਲੱਖਾਂ ਲੋਕ ਸੜਕਾਂ ਉਪਰ ਉਪਰੇ ਜਮਹੂਰੀਅਤ ਤੇ ਖੁਦਮੁਖਤਿਆਰ ਰਾਜਾਂ ਦੀ ਮੰਗ ਕਰਨ ਲੱਗੇ। ਇਕ ਤੋਂ ਬਾਅਦ ਦੂਸਰਾ ਮੁਲਕ ਲੁਟਕਦਾ ਤੁਰਿਆ ਗਿਆ ਜਿਸ ਕਿਸਮ ਦੀ ਯੱਕਯਹਿਤੀ ਇਨ੍ਹਾਂ ਮੁਲਕਾਂ ਵਿਚ ਉਤਪੰਨ ਹੋਈ, ਇਸ ਤੋਂ ਸਾਡੇ ਖਿੱਤੇ ਦੇ ਅਗਾਂਹਵਧੂ ਅਤੇ ਜਮਹੂਰੀਅਤ ਪਸੰਦ ਹਿੱਸਿਆਂ ਨੂੰ ਵੀ ਸਬਕ ਸਿੱਖਣੇ ਚਾਹੀਦੇ ਹਨ।ਸਾਡਾ ਖਿੱਤਾ ਅਜੇ ਸਹੀ ਰੂਪ ਵਿਚ ਕਰਵਟ ਨਹੀਂ ਲੈ ਰਿਹਾ, ਪੁਰਾਤਨ ਕਿਸਮ ਦੇ ਗਰੁੱਪ ਵੱਧ ਜਥੇਬੰਦ ਹੋਏ ਪਏ ਹਨ, ਅਤਿਵਾਦ ਕਿਸੇ ਸਮੇਂ ਬਦਲਾਅ ਲਈ ਇਕ ਸੰਦ ਦੇ ਤੌਰ 'ਤੇ ਇਸਤੇਮਾਲ ਕੀਤਾ ਜਾਂਦਾ ਸੀ। ਅੱਜ ਉਹ ਭਿਆਨਕ ਤਰਾਸਦੀਆਂ ਨੂੰ ਜਨਮ ਦੇ ਰਿਹਾ ਹੈ।ਅਤਿਵਾਦ ਨੂੰ ਠੱਲ੍ਹਣ ਦੇ ਨਾਂ ਹੇਠ ਸਰਕਾਰਾਂ ਹੋਰ ਆਪਣੇ ਆਪ ਨੂੰ ਹਥਿਆਰਾਂ ਨਾਲ ਲੈੱਸ ਕਰਨ ਦੇ ਰਸਤੇ ਉਪਰ ਪਈਆਂ ਹੋਈਆਂ ਹਨ।ਇਸ ਸਮੇਂ ਇਹ ਚੁਣੌਤੀ ਸਾਊਥ ਏਸ਼ੀਆ ਦੇ ਖਿੱਤੇ ਲਈ ਇਕ ਚੁਣੌਤੀ ਦੇ ਰੂਪ ਵਿਚ ਸਾਹਮਣੇ ਆ ਰਹੀ ਹੈ।ਅਮਰੀਕਾ ਦੁਆਰਾ ਪੈਦਾ ਕੀਤੀ ਮਾਨਵੀ ਤਰਾਸਦੀ ਇਸ ਖੇਤਰ ਦੇ ਅਮਨ ਤੇ ਸ਼ਾਂਤੀ ਪਸੰਦ ਲੋਕਾਂ ਲਈ ਹੋਰ ਵੀ ਔਖਾ ਕਾਰਜ ਬਣਾ ਰਹੀ ਹੈ ਜਿਸ ਕਿਸਮ ਨਾਲ ਅਸਥਿਰਤਾ ਵਾਲੀ ਸਥਿਤੀ ਬਣੀ ਹੋਈ ਹੈ ਉਹ ਕਿਸੇ ਵੀ ਰੂਪ ਵਿਚ ਕਰਵਟ ਲੈ ਸਕਦੀ ਹੈ।ਇਸ ਖਿੰਤੇ ਵਿਚ ਨਵੀਂ ਸਮਾਜਿਕ, ਰਾਜਨੀਤਕ ਤੇ ਆਰਥਿਕ ਸੋਚ ਵਿਕਸਿਤ ਕਰਨ ਦੀ ਲੋੜ ਹੈ ਜਿਸ ਨੂੰ ਅੰਜ਼ਾਮ ਦੇਣ ਲਈ ਵੱਖ ਵੱਖ ਜਥੇਬੰਦੀਆਂ ਨੂੰ ਪਹਿਲ ਕਦਮੀ ਕਰਨੀ ਹੋਵੇਗੀ ਤਾਂ ਕਿ ਇਸ ਖਿੱਤੇ ਵਿਚ ਵਾਪਰ ਰਹੀ ਅਣਹੋਣੀ ਨੂੰ ਹੋਣੀ ਵਿਚ ਬਦਲਣ ਲਈ ਯੋਗਦਾਨ ਪਾਇਆ ਜਾ ਸਕੇ।ਇਤਿਹਾਸਕਾਰਾਂ ਅਨੁਸਾਰ, "ਜੇ ਹਾਲਾਤ ਬੜੇ ਭੈੜੇ ਹੋਣ ਤਾਂ ਉਸ ਸਮੇਂ ਅਸੰਭਵ ਕਾਰਜ ਕਰਨਾ ਹਰੇਕ ਦੀ ਡਿਊਟੀ ਬਣਦਾ ਹੈ।ਨਹੀਂ ਤਾਂ ਮਾੜੇ ਭਵਿੱਖ ਲਈ ਆਪਣੇ ਆਪ ਨੂੰ ਤਿਆਰ ਕਰ ਲੈਣਾ ਚਾਹੀਦਾ ਹੈ।"

ਪੰਜਾਬ ਜੋ ਕਿ ਇਸ ਸਮੁੱਚੇ ਖਿੱਤੇ ਦੀ ਇਕ ਅਹਿਮ ਕੜੀ ਬਣਦਾ ਹੈ ਜਿਸ ਦੇ ਉਪਰ ਜੰਗ ਦਾ ਸਿੱਧੇ ਜਾਂ ਅਸਿੱਧੇ ਰੂਪ ਵਿਚ ਬੜੀ ਛੇਤੀ ਪ੍ਰਭਾਵ ਪੈਂਦਾ ਹੈ।ਅਸੀਂ ਤਾਂ ਹਾਲੇ 1947 ਦੀ ਵੰਡ ਦੇ ਅੱਲ੍ਹੇ ਜ਼ਖ਼ਮਾਂ ਨੂੰ ਹੀ ਨਹੀਂ ਭੁੱਲੇ ਉਹ ਕਿਸੇ ਨਾ ਕਿਸੇ ਰੂਪ ਵਿਚ ਰਿਸ ਰਹੇ ਹਨ।ਸਾਡੀਆਂ ਸਾਂਝਾਂ ਸਾਡੇ ਗੁਆਂਢੀ ਮੁਲਕਾਂ ਨਾਲ ਪੀਡੀਆਂ ਨਹੀਂ ਹੋ ਰਹੀਆਂ। ਇਨ੍ਹਾਂ ਨੂੰ ਮਜ਼ਬੂਤ ਕਰਨ ਲਈ ਬੌਧਿਕ ਪੱਧਰ ਦੀ ਸੋਝੀ ਵਿਕਸਿਤ ਕਰਨ ਦੀ ਜ਼ਰੂਰਤ ਹੈ ਜਿਸ ਵਿਚ ਸਭਿਆਚਾਰ, ਆਰਥਿਕ, ਸਮਾਜਿਕ ਅਤੇ ਰਾਜਨੀਤਕ ਮਸਲੇ ਵੀ ਸ਼ਾਮਲ ਹਨ।ਅਜੇ ਅਸੀਂ ਇਸ ਪੜਾਅ ਤੋਂ ਕੋਹਾਂ ਦੂਰ ਹਾਂ।ਆਓ, ਅਗਲੇਰੇ ਵਿਕਾਸ ਲਈ ਨਵੀਂ ਸੋਚ ਨੂੰ ਉਤਪੰਨ ਕਰੀਏ।

- ਡਾ ਚਰਨਜੀਤ ਸਿੰਘ ਨਾਭਾ

# ਫਾਰਮ ਹਾਊਸ ਅਤੇ ਦਿਹਾਤੀ ਜ਼ਿੰਦਗੀ



**ਮੈਂ ਕਦੀ ਚਿਤਵਿਆ ਨਹੀਂ ਸੀ ਕਿ ਮੇਰੇ ਪਿੰਡ ਦੀ ਜੂਹ ਵਿਚ ਮੈਨੂੰ ਕੋਈ ਇਸ ਕਿਸਮ ਦੀ ਮੰਡੀ ਦਾ ਸਭਿਆਚਾਰ ਘੇਰ ਲਵੇਗਾ ਜਿਸ ਨਾਲ ਸਦੀਆਂ ਤੋਂ ਚਲ ਰਹੀ ਮੇਰੀ ਸਹਿਜਮਈ ਜ਼ਿੰਦਗੀ ਵਿਚ ਖਲਰ ਪੈ ਜਾਵੇਗਾ। ਮੈਂ ਪਿੰਡ ਬੋਲਦਾ ਹਾਂ ਤੇ ਆਵਾਜ਼ ਦਿੰਦਾ ਹਾਂ ਕਿ ਮੇਰੀ ਵਿਰਾਸਤ ਨੂੰ ਜਿਨ੍ਹਾਂ ਨੇ ਬਚਾ ਕੇ ਰੱਖਣਾ ਸੀ ਉਨ੍ਹਾਂ ਨੇ ਹੀ ਚਕਾਚੌਂਧ ਵਾਲੀ ਜੀਵਨ ਜਾਚ ਵਿਚ ਆ ਕੇ ਮੇਰੇ ਸਮੁੱਚੇ ਸਹਿਜ, ਸੰਤੁਲਨ ਅਤੇ ਪ੍ਰੰਪਰਾਮਈ ਜੀਵਨ ਜਾਚ ਨੂੰ ਤਹਿਸ਼-ਨਹਿਸ਼ ਕਰ ਦਿੱਤਾ ਹੈ। ਮੇਰਾ ਸਵਾਲ ਲਗਾਤਾਰ ਵੱਡਾ ਹੁੰਦਾ ਜਾ ਰਿਹਾ ਹੈ।**

ਮੈਰਿਜ ਪੈਲੇਸਾਂ ਨੂੰ ਹੁਣ ਫਾਰਮ ਕਹਿ ਕੇ ਪਿੰਡਾਂ ਦੀਆਂ ਜੂਹਾਂ ਵਿੱਚ ਵਾੜ ਦਿੱਤਾ ਗਿਆ ਹੈ ਕਿਉਂਕਿ ਆਪਣੇ ਹੱਕਾਂ ਪ੍ਰਤੀ ਚੇਤੰਨ ਸ਼ਹਿਰੀ ਤਬਕੇ ਨੇ ਇਹਨਾਂ ਤੋਂ ਪੈਦਾ ਹੋ ਰਹੇ ਵੱਖ ਵੱਖ ਪ੍ਰਦੂਸ਼ਣ ਤੋਂ ਮੁਕਤੀ ਪਾਉਣ ਲਈ ਇੱਕ ਸੰਗਠਤ ਮੁਹਿੰਮ ਵਿੱਢ ਇਹਨਾਂ ਨੂੰ ਸ਼ਹਿਰੋਂ ਕੱਢਿਆ। ਮੈਰਿਜ ਪੈਲੇਸ ਅੱਸੀਵਿਆਂ ਦੇ ਅੱਤਵਾਦ ਦੀ ਦੇਣ ਹਨ ਜਦੋਂ ਦਿਨ ਛਿਪਦੇ ਹੀ ਸੜਕਾਂ ਸੁੰਨੀਆਂ ਹੋ ਜਾਂਦੀਆਂ ਸਨ, ਲੋਕਾਂ ਦਾ ਰਹਿਣ-ਸਹਿਣ, ਜੀਵਨ-ਜਾਂਚ, ਨਿੱਜੀ ਅਤੇ ਸੱਭਿਆਚਾਰ ਜਿੰਦਗੀ ਨੂੰ ਅੱਤਵਾਦੀਆਂ ਨੇ ਪੁੱਠਾ ਗੇੜਾ ਦੇਣ ਲਈ ਬਾਂਹ ਮਰੋੜੀ ਹੋਈ ਸੀ ਤਾਂ ਸਭ ਤੋਂ ਪਹਿਲਾਂ ਮਾਝੇ ਦੇ ਹੋਟਲਾਂ ਨੇ ਧੰਦਾਂ ਬੰਦ ਹੁੰਦਾ ਦੇਖ, ਆਪਣੇ ਹੋਟਲਾਂ ਨੂੰ ਮੈਰਿਜ ਪੈਲੇਸ ਦਾ ਨਾਮ ਦਿੱਤਾ ਅਤੇ ਵਿਆਹ ਵਰਗੀ ਦਿਲਚਸਪ ਅਤੇ ਆਨੰਦਮਈ ਸੰਸਥਾ ਦੀ ਖੁਸ਼ੀ ਸਾਂਝੀ ਕਰਨ ਲਈ ਦੋਹਾਂ ਪ੍ਰੀਵਾਰਾਂ ਨੂੰ ਇੱਕ ਖਾਸ ਪਲੇਟਫਾਰਮ ਪ੍ਰਦਾਨ ਕੀਤਾ। ਨੱਬੇਵਿਆਂ ਵਿੱਚ ਜਦੋਂ ਸ਼ਾਂਤੀ ਦਾ ਮਾਹੋਲ ਸਿਰਜਿਆ ਜਾਣ ਲੱਗਾ ਤਾਂ ਲੋਕਾਂ ਨੇ ਖੁਸ਼ੀ ਦੇ ਪ੍ਰਗਟਾਵੇ ਲਈ ਵੱਖ ਵੱਖ ਰਸਤੇ ਲੱਭੇ। ਮੇਲਿਆਂ, ਵਿਆਹਾਂ, ਜਨਮ-ਮਰਨ ਅਤੇ ਹਰੇਕ ਸੱਭਿਆਚਾਰਕ-ਵਿਰਾਸਤੀ ਗਤੀਵਿਧੀਆਂ ਪੂਰੇ ਜਾਹੋ ਜਲਾਲ ਨਾਲ ਪੁਨਰ ਸੁਰਜੀਤ ਹੋਈਆਂ ਅਤੇ ਮੈਰਿਜ-ਪੈਲੇਸ ਕਲਚਰ ਸ਼ਹਿਰੀ ਜਿੰਦਗੀ ਦਾ ਅਨਿੱਖੜਵਾਂ ਅੰਗ ਬਣ ਗਿਆ ਕਿਉਂਕਿ ਇਸ ਨੇ ਜਿੱਥੇ ਵਿਆਹ ਦੇ ਪ੍ਰਬੰਧਾਂ ਤੋਂ ਮੁਕਤੀ ਦੁਆਈ ਉਥੇ ਸ਼ਹਿਰੀ ਅਤੇ ਸਰਦਾਰੀ ਠਾਠ ਦੇ ਵਿਆਹਾਂ ਨੂੰ ਨਵੀਂ ਦਿੱਖ ਪ੍ਰਦਾਨ ਕੀਤੀ।

ਇਸ ਮੈਰਿਜ ਪੈਲੇਸ ਕਲਚਰ ਨੂੰ ਪ੍ਰਫੁੱਲਤ ਕਰਨ ਲਈ ਪੱਠੇ, ਟੋਹਰ ਅਤੇ ਦਿਖਾਵੇ ਵਾਲੇ ਸ਼ਹਿਰੀ ਸੱਭਿਆਚਾਰ ਨੇ ਹੀ ਪਾਏ ਪਰ ਹੋਲੀ ਹੋਲੀ ਇਸ ਕਲਚਰ ਦੇ ਮਾੜੇ ਪੱਖਾਂ ਨੇ ਸ਼ਹਿਰੀਆਂ ਨੂੰ ਅਕਾਉਣਾ ਸ਼ੁਰੂ ਕੀਤਾ। ਉਹਨਾਂ ਮਹਿਸੂਸ ਕੀਤਾ ਕਿ ਇਹਨਾਂ ਪੈਲੇਸਾਂ ਨੇ ਜਿੱਥੇ ਸਾਡੀ ਰਾਤਾਂ ਦੀ ਨੀਂਦ ਖਤਮ ਕਰ ਦਿੱਤੀ ਹੈ ਉਥੇ ਬੱਚਿਆਂ ਦੀ ਪੜਾਈ ਅਤੇ ਉਹਨਾ ਦੇ

ਸੱਭਿਆਚਾਰਕ ਵਿਕਾਸ ਵਿੱਚ ਖੜੌਤ ਹੀ ਨਹੀਂ ਆਈ ਬਲਕਿ ਨਾ ਪੱਖੀ ਚਿੰਨ ਦਿਖਾਈ ਦੇਣ ਲੱਗੇ ਹਨ ਤਾਂ ਉਹਨਾਂ ਪ੍ਰਦੂਸ਼ਣ ਦੀ ਆੜ ਹੇਠ ਇੱਕ ਸੰਗਠਤ ਮੁੰਹਿਮ ਵਿੱਢ ਕੇ ਇਹਨਾਂ ਪੈਲੇਸਾਂ ਨੂੰ ਸ਼ਹਿਰੋ ਬਾਹਰ ਕੱਢਣ ਲਈ ਅਹਿਮ ਰੋਲ ਅਦਾ ਕੀਤਾ। ਮੈਰਿਜ ਪੈਲੇਸਾਂ ਦੇ ਜਿਆਦਾਤਰ ਮਾਲਕ ਸਹਿਰਾ ਵਿੱਚ ਵਸਦੇ ਧਨਾਢ ਕਿਸਾਨ ਜਾ ਕਿਸਾਨੀ ਦੇ ਕਿੱਤੇ ਨਾਲ ਜੁੜੇ ਸ਼ਹਿਰੀ ਵਪਾਰੀ ਸਨ, ਜਿਨਾਂ ਨੇ ਇੱਕ ਖਾਸ ਸ਼ਰਾਰਤੀ ਦਿਮਾਗ ਦੀ ਉਪਜ ਵਜੋ ਇਹਨਾ ਪੈਲੇਸਾਂ ਨੂੰ "ਫਾਰਮ ਹਾਊਸ" ਦਾ ਨਾਮ ਦੇ ਕੇ ਪਿੱਡਾਂ ਦੀ ਹਦੂਦ ਵਿੱਚ ਮੁੜ ਵਸੇਬਾ ਕੀਤਾ।

ਪਿੰਡਾਂ ਦੇ ਲੋਕ ਸ਼ਾਂਤ ਚਿੱਤ ਲੋਕ ਹਨ ਜੋ ਜਲਦੀ ਸੌਂ ਕੇ ਸਵਖਤੇ ਉੱਠ ਆਪਣੇ ਆਹਰੀ ਲੱਗਣ ਦੇ ਆਦੀ ਸਨ।ਥੋੜੀ ਜਿਹੀ ਪੈੜ ਚਾਲ ਤੋਂ ਜਾਗਣ ਵਾਲੇ ਇਹ ਬਸਿੰਦੇ ਅੱਜ ਇਹਨਾ ਫਾਰਮ ਹਾਊਸਾਂ ਦੇ ਸ਼ੋਰ ਕਰਕੇ ਲਗਾਤਾਰ ਅਸਿਹ ਅਤੇ ਅਕਹਿ ਕਸ਼ਟ ਝੱਲ ਰਹੇ ਹਨ।ਵੱਡੀ ਅਤੇ ਅਮੀਰ ਕਿਸਾਨੀ ਦੇ ਸ਼ਹਿਰ ਵੱਲ ਹੋਏ ਪ੍ਰਵਾਸ ਕਾਰਨ ਮੱਧ ਵਰਗੀ ਕਿਸਾਨੀ, ਖੇਤ-ਮਜਦੂਰ, ਦਲਿਤ ਅਤੇ ਕੰਮੀ ਇਹ ਮਾਰ ਮੂੰਹ ਬੰਦ ਕਰਕੇ ਸਹਿ ਰਹੇ ਹਨ ਕਿਉਂਕਿ ਉਹਨਾ ਦੀਆਂ ਭਾਵਨਾਵਾਂ ਦੀਆਂ ਤਰਜਨਾਮੀ ਕਰਨ ਵਾਲੇ ਬਹੁਤੇ ਸਿੱਧੇ ਜਾਂ ਅਸਿੱਧੇ ਤੌਰ ਤੇ ਇਹਨਾ ਫਾਰਮ ਹਾਊਸਾ ਨਾਲ ਜੁੜੇ ਹੋਏ ਹਨ। ਇਹ ਦਿਹਾਤੀ ਲੋਕ ਹਰ ਵਕਤ, ਦਿਨ ਰਾਤ, ਕਰੀਬਨ ਸਾਰਾ ਸਾਲ ਸ਼ੋਰ ਪ੍ਰਦੂਸ਼ਣ ਦੀ ਮਾਰ ਹੇਠ ਰਹਿੰਦੇ ਹਨ ਜਦਕਿ ਸ਼ਹਿਰੀ ਬਸਿੰਦੇ ਬਣ ਠਣ ਕੇ ਠਾਠ ਨਾਲ ਇਹਨਾ ਫਾਰਮ ਹਾਊਸਾ ਵਿੱਚ ਵਿਆਹ ਦਾ ਆਨੰਦ ਮਾਣ ਮੁੜ ਆਪਣੀਆਂ ਕੋਠੀਆਂ ਵਿੱਚ ਜਾ ਸੌਂਦੇ ਹਨ। ਵਿਚਾਰੇ ਇਹਨਾ ਦਿਹਾਤੀਆਂ ਲਈ ਹਰ ਦਿਨ ਦੀਵਾਲੀ ਹੈ ਕਿਓਕਿ ਹਰ ਸ਼ਾਮ 7.00 ਵਜੇ ਤੋਂ ਇਹਨਾ ਵਿਆਹਾਂ ਵਾਲਿਆਂ ਦੇ ਪਟਾਖਿਆਂ ਦੀ ਠੂਹ-ਠਾਹ ਸ਼ੁਰੂ ਹੋ ਜਾਂਦੀ ਹੈ ਜੋ ਦੇਰ ਰਾਤ ਤੱਕ ਚੱਲਦੀ ਹੈ। ਲੱਗ ਇੰਜ ਰਿਹਾ ਹੁੰਦਾ ਹੈ ਕਿ ਜਿਵੇਂ ਸਰਹੱਦ ਤੇ ਗੋਲਾਬਾਰੀ ਹੋ ਰਹੀ ਹੋਵੇ ਅਤੇ ਇਹ ਲੋਕ ਸਹਿਮ ਨਾਲ ਆਪਣੇ ਬੰਕਰਾਂ (ਘਰਾਂ) ਵਿੱਚ ਲੁਕੇ ਹੋਣ।ਪਹੁੰਚ ਰਹੀਆਂ ਵੀ।ਆਈ।ਪੀ। ਗੱਡੀਆਂ ਦੇ ਸਾਇਰਨ, ਹਾਰਨ, ਧੂੰਆਂ ਅਤੇ ਕੰਨ ਚੀਰਵੇਂ ਡੀ।ਜੇ।ਦੀਆਂ ਆਵਾਜਾਂ ਪਿੰਡ ਦੀ ਸ਼ਾਂਤ ਫ਼ਿਜ਼ਾ ਲਈ ਹਰ ਰੋਜ ਦਾ ਸਰਾਪ ਬਣ ਚੁੱਕੀਆਂ ਹਨ।ਹਰ ਰੋਜ ਪਟਾਖਿਆਂ ਤੋ ਪੈਦਾ ਹੋਈਆਂ ਜ਼ਹਿਰੀਲੀਆਂ ਗੈਸਾਂ ਇਹਨਾ ਪੇਂਡੂਆਂ ਨੂੰ ਹਰ ਵਕਤ ਆਪਣੀ ਮਾਰ ਹੇਠ ਰੱਖਦੀਆਂ ਹਨ। ਬੁੱਢੇ, ਬੱਚੇ, ਬੀਮਾਰ ਅਤੇ ਔਰਤਾਂ ਇਸ ਪ੍ਰਦੂਸ਼ਣ ਤੋਂ ਵੱਧ ਪ੍ਰਭਾਵਿਤ ਹੁੰਦੀਆਂ ਹਨ। ਇਸ ਤੋਂ ਇਲਾਵਾ ਇਹਨਾ ਗੈਸਾਂ ਨਾਲ ਇਲਾਕੇ ਦੀ ਜੀਵ-ਭਿੰਨਤਾ ਵੀ ਬੁਰੀ ਤਰਾਂ ਪ੍ਰਭਾਵਿਤ ਹੁੰਦੀ ਹੈ।

ਮਨੁੱਖੀ ਮਾਨਸਿਕਤਾ ਸੰਗੀਤ ਦੀ ਰਸੀਆਂ ਹੈ। ਸਦੀਆਂ ਤੋਂ ਸੰਗੀਤ ਮਨੁੱਖ ਦੇ ਆਤਮਿਕ ਅਤੇ ਮਾਨਸਿਕ ਆਨੰਦ ਦਾ ਸਰੋਤ ਰਿਹਾ ਹੈ। ਕੁਦਰਤ ਦੁਆਰਾ ਸਿਰਜੇ ਸਾਜ, ਰੁੱਖਾਂ ਦੇ ਪੱਤਿਆਂ ਦੀ ਖੜ-ਖੜ, ਪੰਛੀਆਂ ਦਾ ਚਹਿਕਣਾ, ਸਮੁੰਦਰੀ ਲਹਿਰਾਂ, ਨਦੀਆਂ ਦੀ ਸਾਂਅ ਸਾਂਅ, ਅਚੇਤ ਮਨੁੱਖੀ ਮਨ ਦਾ ਹਿੱਸਾ ਸਨ ਜਿਸ ਨੂੰ ਮਨੁੱਖ ਸਦੀਆਂ ਤੋਂ ਮਾਣਦਾ ਆ ਰਿਹਾ ਹੈ। ਤਦੇ ਤਾਂ ਸਾਰੇ ਧਾਰਮਿਕ ਅਤੇ ਅਧਿਆਤਮਕ ਗ੍ਰੰਥ ਸੰਗੀਤਮਈ ਸੁਰਾਂ ਵਿੱਚ ਪ੍ਰੋਏ ਗਏ ਸਨ। ਸੰਗੀਤ ਉਹ ਅਵਾਜ ਹੈ ਜੋ ਮਨੁੱਖੀ ਕੰਨਾਂ ਨੂੰ ਮਧੁਰ ਲੱਗੇ, ਮਿੱਠੀ ਲੱਗੇ, ਅਤੇ ਇਨਸਾਨ ਖੁਦ-ਬ-ਖੁਦ ਮਸਤੀ ਚ ਆਵੇ ਅਤੇ ਝੂਮੇ।ਸੰਗੀਤ ਨੇ ਮਨੁੱਖੀ ਸੋਚ, ਉਸ ਦੀ ਸੱਭਿਅਤਾ, ਉਸ ਦੇ ਸੰਸਕਾਰਾਂ ਅਤੇ ਉਸ ਦੇ ਨਜਰੀਏ ਨੂੰ ਇੱਕ ਨਿੱਗਰ ਰਚਨਾਤਮਿਕ ਅਤੇ ਭਵਿੱਖਮੁੱਖੀ ਸੇਧ ਦਿੱਤੀ। ਇਹ ਸੰਗੀਤ ਹੀ ਹੈ ਜਿਸ ਨੇ ਮਨੁੱਖ ਨੂੰ ਪ੍ਰੇਮ-ਪਿਆਰ ਅਤੇ ਇਸ਼ਕ ਦੀ ਵੇਦਨਾ, ਤਬਤੀਬ ਅਤੇ ਸੋਝੀ ਦਿੱਤੀ। ਵਿਆਹਾਂ ਦੇ ਸਮਾਗਮਾਂ ਮੌਕੇ ਢੋਲਕੀ, ਬੈਂਡ ਵਾਜਿਆਂ ਅਤੇ ਪੀਪਣੀਆਂ ਦੁਆਰਾ ਸਿਰਜਿਆ ਸੰਗੀਤ ਵਿਆਹ ਦੇ ਕੁਝ ਖਾਸ ਪਲਾਂ ਲਈ ਹੀ ਹੁੰਦਾ ਹੈ। ਪਰ ਅੱਜ ਮਨੁੱਖੀ ਮਾਨਸਿਕਤਾ ਸੰਗੀਤ ਤੋ ਸ਼ੋਰ ਵੱਲ ਜਾਂਦੀ ਪ੍ਰਤੀਤ ਹੁੰਦੀ ਹੈ। ਆਰਥਿਕ ਵਿਕਾਸ ਅਤੇ ਉਦਯੋਗੀਕਰਨ ਨੇ ਸੰਗੀਤ ਦੀਆਂ ਮੱਧਮ ਸੁਰਾਂ ਨੂੰ ਸੋਰ ਵਿੱਚ ਸਮੋਅ ਲਿਆ ਹੈ।ਮਨੁੱਖ ਨੇ ਸ਼ੋਰ ਨੂੰ ਜਿੰਦਗੀ ਦਾ ਹਿੱਸਾ ਮੰਨ ਹੁਣ ਇਸ ਬਾਰੇ ਸੋਚਣਾ ਹੀ ਬੰਦ ਕਰ ਦਿੱਤਾ ਹੈ।ਅੱਜ ਦੇ ਡੀ। ਜੇ।ਕਲਚਰ, ਨਗਨਤਾ, ਨੰਗੇਜ ਦੇ ਸੁਮੇਲ ਨੇ ਉਕਸਾਊ ਸੋਰ ਪੈਦਾ ਕੀਤਾ ਜੋ ਅਕਾਂਉਂਦਾ ਹੀ ਨਹੀਂ ਬਲਕਿ ਤੁਹਾਡੇ ਦਿਲ ਦੀ ਧੜਕਣ ਤੇਜ ਕਰ ਤੁਹਾਡਾ ਬਲੱਡ ਪ੍ਰਸ਼ੈਰ ਵੀ ਵਧਾਉਂਦਾ ਹੈ। ਤਦੇ ਤਾਂ ਹਰੇਕ ਮਨੁੱਖ ਦਿਨ-ਰਾਤ, ਜਾਗਦੇ-ਸੌਂਦੇ, ਸੋਰ ਦੇ ਮਾਰੂ ਪ੍ਰਭਾਵ ਹੇਠ ਹੋਣ ਕਾਰਨ ਕਈ ਹੋਰ ਸਰੀਰਕ ਅਤੇ ਮਾਨਸਿਕ ਸਮੱਸਿਆਵਾਂ ਦਾ ਸ਼ਿਕਾਰ ਹੁੰਦਾ ਜਾ ਰਿਹਾ ਹੈ

ਦਿੱਲੀ ਵਿੱਚ ਇੱਕ ਧਾਰਮਿਕ ਸਮਾਗਮ ਦੇ ਪੜੋਸ ਵਿੱਚ ਬਲਾਤਕਾਰ ਦਾ ਸ਼ਿਕਾਰ ਹੋ ਰਹੀ 13 ਸਾਲਾ ਬੱਚੀ ਦੀਆਂ ਚੀਕਾਂ ਜਦੋਂ ਇਸ ਧਾਰਮਿਕ ਸਮਾਗਮ ਦੇ ਸ਼ੋਰ ਵਿੱਚ ਵਿਲੀਨ ਹੋ ਗਈਆ ਅਤੇ ਬੱਚੀ ਨੇ ਕਾਲਖ ਤੋਂ ਬਚਣ ਲਈ 3 ਜਨਵਰੀ 1998 ਨੂੰ ਜਦੋਂ ਆਤਮਦਾਹ ਕਰ ਲਿਆ ਤਾਂ ਮਾਨਯੋਗ ਸੁਪਰੀਮ ਕੋਰਟ ਨੇ ਇਸ ਨੂੰ ਘੋਰ ਅਪਰਾਧ ਮੰਨਦਿਆ ਰਿਟ ਨੰਬਰ 72 ਵਰ੍ਹਾ 1998 ਦਾਖਲ ਕੀਤੀ ਜਿਸ ਦਾ ਨਿਪਟਾਰਾ ਕਰਦਿਆਂ 18 ਜੁਲਾਈ 2005 ਨੂੰ ਸੋਰ ਪ੍ਰਦੂਸ਼ਣ ਦੇ ਵੱਖ ਵੱਖ ਪਹਿਲੂਆਂ ਅਤੇ ਇਸ ਨੂੰ ਰੋਕਣ ਲਈ ਖਾਸ ਦਿਸ਼ਾ ਨਿਰਦੇਸ਼ ਜਾਰੀ ਕੀਤੇ:-

- ਕਿਸੇ ਵੀ ਪਬਲਿਕ ਜਗਾ, ਜਿਥੇ ਸੋਰ ਪ੍ਰਦੂਸ਼ਣ ਪੈਦਾ ਕਰਨ ਵਾਲੇ ਉਪਕਰਣ ਲੱਗੇ ਹੋਣ, ਤੋਂ ਪੈਦਾ ਸੋਰ ਬਾਹਰ ਦੇ ਆਮ ਸੋਰ ਤੋਂ 10 ਡੈਸੀਬਲ ਤੋਂ ਜ਼ਿਆਦਾ ਨਹੀਂ ਹੋ ਸਕਦਾ ਜਾਂ ਫਿਰ ਇਹ ਸੋਰ ਕਿਸੇ ਵੀ ਤਰਾਂ 75 ਡੈਸੀਬਲ (ਦੋਹਾਂ ਵਿੱਚੋ ਜਿਹੜਾ ਵੀ ਘੱਟ ਹੋਵੇ) ਤੋਂ ਵੱਧ ਨਾ ਹੋਵੇ।
- ਸੰਕਟ ਦੀ ਸਥਿਤੀ ਨੂੰ ਛੱਡ ਕੇ, ਰਾਤ 10 ਵਜੇ ਤੋਂ ਸਵੇਰੇ 6 ਵਜੇ ਤੱਕ ਕਿਸੇ ਵੀ ਕਿਸਮ ਦਾ ਸੋਰ, ਹਾਰਨ ਆਦਿ ਪਾਬੰਦੀਸ਼ੁਦਾ ਹੈ।
- ਪ੍ਰਾਈਵੇਟ ਜਗਾ (ਜਿਵੇਂ ਕਿ ਮੈਰਿਜ ਪੈਲੇਸ, ਫਾਰਮ ਹਾਊਸ ਆਦਿ) ਦੁਆਰਾ ਪੈਦਾ ਕੀਤਾ ਸੋਰ ਕਿਸੇ ਵੀ ਕੀਮਤ ਤੇ ਇਸ ਜਗਾ ਦੀ ਚਾਰ ਦੀਵਾਰੀ ਤੱਕ ਦੇ ਸੋਰ ਤੋਂ 5 ਡੈਸ ਿਬਲ ਤੋਂ ਵੱਧ ਨਹੀਂ ਹੋਣਾ ਚਾਹੀਦਾ।
- ਮਾਨਯੋਗ ਸੁਪਰੀਮ ਕੋਰਟ ਦੀਆਂ ਹਦਾਇਤਾਂ ਨੂੰ ਇੰਨ-ਬਿੰਨ ਲਾਗੂ ਕਰਨ ਦੀ ਜਿੰਮੇਾਵਰੀ ਜਿੱਥੇ ਸੋਰ ਪੈਦਾ ਹੋ ਰਿਹਾ, ਉਸ ਹਦੂਦ ਦੇ ਮਾਲਕ ਦੀ ਹੋਵੇਗੀ।ਸੋ ਮੈਰਿਜ ਪੈਲੇਸਾਂ ਦੇ ਮਾਲਕ ਇਹ ਜਿੰਮੇਵਾਰੀ ਡੀ ਜੇ ਮਾਲਕਾਂ, ਡਾਂਸਰਾਂ ਜਾਂ ਕਿਸੇ ਹੋਰ ਤੇ ਨਹੀਂ ਗਿਰਾ ਸਕਦੇ ਕਿਉਂਕਿ ਇਹ ਸਭ ਕੁਝ ਉਹਨਾਂ ਦੀ ਸਹਿਮਤੀ ਨਾਲ ਉਹਨਾਂ ਦੇ ਆਹਤੇ ਅੰਦਰ ਵਾਪਰ ਰਿਹਾ ਹੁੰਦਾ ਹੈ।

ਪਰ ਰਾਤ ਦੇ ਵਿਆਹਾਂ ਦਾ ਤਾਂ ਸਮਾਂ ਹੀ 9.00 ਵਜੇ ਤੋਂ ਬਾਅਦ

ਸ਼ੁਰੂ ਹੁੰਦਾ ਹੈ ਜੋ ਸਾਰੀ ਰਾਤ ਚੱਲਦਾ ਹੈ ਅਤੇ ਸਾਡੇ ਦਿਹਾਤੀ ਲੋਕ ਇਸ ਮਿੱਠੇ ਜ਼ਹਿਰ ਦਾ ਸੰਤਾਪ ਭੋਗਦੇ ਨਜ਼ਰ ਆਉਂਦੇ ਹਨ। ਇਹੋ ਹੀ ਨਹੀਂ ਇਹਨਾ ਪੈਲੇਸਾਂ ਵਿੱਚੋਂ ਪੈਦਾ ਹੋਇਆ ਸਾਰਾ ਪਲਾਸਟਿਕ ਦਾ ਕਚਰਾ, ਜੂਠ ਅਤੇ ਹੋਰ ਅਣਚਾਹੇ ਤੱਤ ਸਾਰੇ ਪਿੰਡ ਦੇ ਆਲੇ ਦੁਆਲੇ ਬਿਨਾ ਕਿਸੇ ਰੋਕ ਟੋਕ ਨੀਵੀਆ ਥਾਵਾਂ ਅਤੇ ਟੋਇਆ ਵਿੱਚ ਗਿਰਾ ਦਿੱਤੇ ਜਾਂਦੇ ਹਨ।ਬਹੁਤੇ ਮੈਰਿਜ ਪੈਲੇਸਾਂ ਅਤੇ ਫਾਰਮ ਹਾਊਸ ਨੇ ਕੋਈ ਜਲ ਪ੍ਰਦੂਸ਼ਣ ਰੋਕੂ ਯੰਤਰ ਨਹੀਂ ਲਗਾਇਆ ਹੋਇਆ ਅਤੇ ਇਹ ਬਦਬੂਦਾਰ ਪਾਣੀ ਵੀ ਇਲਾਕੇ ਦੇ ਆਲੇ-ਦੁਆਲੇ ਮੱਖੀ, ਮੱਛਰ ਆਦਿ ਦੇ ਫੈਲਾਅ ਲਈ ਨੀਵੀਆਂ ਥਾਵਾਂ ਤੇ ਛੱਡ ਦਿੱਤਾ ਜਾਂਦਾ ਹੈ। ਕਾਲਜ, ਸਕੂਲ ਜਾਂਦੇ ਬੱਚਿਆਂ ਨੂੰ ਲਾਲਚ ਦੇ ਕੇ ਇੱਥੇ ਬਤੌਰ ਬਹਿਰੇ ਅਤੇ ਹੋਰ ਮਜਦੂਰੀ ਦੇ ਕੰਮਾਂ ਲਈ ਉਕਸਾਇਆ ਜਾਂਦਾ ਹੈ। ਬੱਚੇ ਪੜਾਈ ਤੋਂ ਪਾਸਾ ਵੱਟ ਕੇ ਜਦੋ ਇਸ ਪਾਸੇ ਲਲਚਾਏ ਜਾਂਦੇ ਹਨ ਤਾਂ ਅਯਾਸੀ ਦੇ ਚੱਲ ਰਹੇ ਦੌਰ ਦਾ ਉਹ ਵੀ ਹਿੱਸਾ ਬਣ ਵਰਤਾਈ ਜਾ ਰਹੀ ਸ਼ਰਾਬ ਅਤੇ ਸ਼ਬਾਬ ਦਾ ਆਨੰਦ ਲੈਣ ਲੱਗਦੇ ਹਨ ਅਤੇ ਡੀ। ਜੇ-ਡਾਂਸਰਾਂ-ਬਹਿਰਿਆਂ ਦੇ ਮਾਫੀਆ ਗ੍ਰੋਹ ਦਾ ਹਿੱਸਾ ਬਣ ਜਾਂਦੇ ਹਨ ਜੋ ਇਹਨਾ ਦਿਹਾਤੀ ਬੱਚਿਆਂ ਦੀ ਜਿੰਦਗੀ ਤਬਾਹ ਕਰਨ ਦਾ ਸਭ ਤੋਂ ਮਾੜਾ ਪੱਖ ਹੈ।

ਸ਼ੋਰ ਯੁਕਤ ਨਿਰਲੱਜੇ ਗੀਤ, ਸੱਭਿਆਚਰਕ ਗਰੁੱਪਾਂ ਦੇ ਨਾਮ ਤੇ ਕੀਤੇ ਜਾਂਦੇ ਅਸ਼ਲੀਲ ਡਾਂਸ, ਭੰਗੜੇ ਆਦਿ ਪਿੰਡ ਦੀਆਂ ਸਾਊ ਅਤੇ ਸੰਗਾਓ ਕੁੜੀਆਂ ਵਿੱਚ ਕਾਮੁਕਤਾ ਪੈਦਾ ਕਰਦੇ ਹਨ ਅਤੇ ਕਈ ਵਾਰ ਕੁੱਝ ਬੱਚੀਆਂ ਆਪਣੀ ਜਿੰਦਗੀ ਦੇ ਸਹੀ ਰਾਹ ਤੋਂ ਥਿੜਕ ਜਾਂਦੀਆਂ ਹਨ ਅਤੇ ਮੈਰਿਜ ਪੈਲੇਸਾਂ-ਡੀ।ਜੇ-ਡਾਂਸਰਾਂ-ਬਹਿਰਿਆਂ ਦੁਆਰਾ ਫੁਸਲਾਉਣ ਛੱਡੇ ਗਏ ਲਈ ਵਿਚੋਲਿਆਂ ਦੇ ਮਾਇਆ ਜਾਲ ਵਿੱਚ ਫਸ ਜਾਂਦੀਆਂ ਹਨ।ਡੀ। ਜੇ।ਤੇ ਨੱਚ ਰਹੀਆਂ ਬਹੁਤੀਆਂ ਬੱਚੀਆਂ ਤੁਹਾਨੂੰ ਗਰੀਬ ਪ੍ਰੀਵਾਰਾਂ, ਪੇਂਡੂ ਪ੍ਰੀਵਾਰਾਂ ਦੀਆਂ ਮਿਲਣਗੀਆਂ ਪਰ ਕਈ ਉਚੱ ਪੱਧਰੀ ਵਿਆਹਾਂ ਵਿੱਚ ਕਾਲਜਾਂਯੂਨੀਵਰਸਿਟੀਆਂ ਦੇ ਹੋਸਟਲਾਂ, ਵਿੱਚ ਰਹਿੰਦੀਆਂ ਕੁੜੀਆਂ ਵੀ ਦੇਖੀਆਂ ਜਾ ਸਕਦੀਆਂ ਹਨ। ਬੇਸ਼ਕ ਸਰਕਾਰਾਂ ਨੇ ਕਾਨੰਨ ਬਣਾਏ ਹੋਏ ਹਨ, ਇਹਨਾ ਨੂੰ ਲਾਗੂ ਕਰਨ ਲਈ ਅਧਿਕਾਰੀ ਨਾਮਜ਼ਦ ਕੀਤੇ ਹੋਏ ਹਨ ਪਰ ਇਸ ਸਾਰੇ ਤੋਂ ਦਿਹਾਤੀ ਵਸੋਂ ਨੂੰ ਬਚਾਉਣ ਲਈ ਚਾਹੀਦਾ ਹੈ ਕਿ-

- ਹਰੇਕ ਅਜਿਹਾ ਫਾਰਮ ਹਾਊਸ ਪਿੰਡ ਦੀ ਲਾਲ ਲਕੀਰ ਤੋਂ 5 ਕਿਲੋਮੀਟਰ ਦੂਰ ਹੋਵੇ ਕਿਉਂਕਿ ਸ਼ਾਂਤ ਮਾਹੌਲ ਵਿੱਚ ਆਵਾਜੇਸ਼ੋਰ ਦੂਰ ਤੱਕ ਮਾਰ ਕਰਦਾ ਹੈ।ਇਸ ਬਾਰੇ ਇਤਰਾਜਹੀਣਤਾ ਸਰਟੀਫਿਕੇਟ ਪਿੰਡ ਦੀ ਪੰਚਾਇਤ ਤੋਂ ਵੀ ਲਿਆ ਜਾਣਾ ਜਰੂਰੀ ਬਣਾਇਆ ਜਾਵੇ।
- ਕਿਉਕਿ ਸ਼ੋਰ ਪ੍ਰਦੂਸ਼ਣ ਰੋਕਣ ਦੇ ਨਿਯਮ ਸ਼ਹਿਰੀਆਂ ਦੀ ਨੀਂਦ ਨੂੰ ਦੇਖ ਕੇ ਬਣਾਏ ਗਏ ਹਨ ਅਤੇ ਅਧਿਕਾਰੀ ਨਾਮਜ਼ਦ ਕੀਤੇ ਗਏ ਹਨ ਅਤੇ ਲਾਗੂ ਕਰਨ ਲਈ ਵੀ ਨਛੱ ਪੱਧਰ ਤੱਕ ਦੇ ਅਧਿਕਾਰੀ ਨਾਮਜ਼ਦ ਕੀਤੇ ਗਏ ਹਨ।ਜਿਸ ਕਾਰਨ ਦੂਰ ਦਰਾਡੇ ਦੇ ਹਾਊਸ ਹਰ ਵਕਤ ਬਚੇ ਰਹਿੰਦੇ ਹਨ।ਸੋ ਸੋ ਰ ਪ੍ਰਦੂਸ਼ਣ, ਪਟਾਖਿਆਂ ਦੇ ਸ਼ੋਰ ਅਤੇ ਜ਼ਹਿਰੀਲਆਂ ਗੈਸਾਂ ਦੇ ਰਿਸਾਅ ਨੂੰ ਰੋਕਣ ਲਈ ਸਰਕਾਰੀ ਨੁੰਮਾਇੰਦਿਆਂ ਦੀ ਗੈਰ ਹਾਜਰੀ ਵਿੱਚ ਇਹ ਅਧਿਕਾਰ ਪੰਚਾਇਤ ਕੋਲ ਹੋਵੇ ਜੋ ਇਹਨਾਂ ਨਿਯਮਾਂ ਨੂੰ ਲਾਗੂ ਕਰੇ।
- ਪਟਾਖੇਬਾਜੀ ਤੇ ਮਾਨਯੋਗ ਸੁਪਰੀਮ ਕੋਰਟ ਦੀਆਂ ਹਦਾਇਤਾਂ ਅਨੁਸਾਰ ਪੂਰਨ ਤੌਰ ਤੇ ਪਾਬੰਦੀ ਹੈ।ਜੇ ਕਿਸੇ ਨੇ 10 ਵਜੇ ਰਾਤ ਤੋਂ ਪਹਿਲਾਂ ਵੀ ਪਟਾਖੇ ਚਲਾਉਣੇ ਹੋਣ ਤਾਂ ਸੰਬਧਤ ਪਿੰਡ ਦੀ ਪੰਚਾਇਤ ਦੀ ਤਸਦੀਕੀ ਤੇ ਡਿਪਟੀ ਕਮਿਸਨਰ ਜਾਂ ਉਹਨਾ ਵੱਲੋਂ ਨਾਮਜਦ ਅਧਿਕਾਰੀ ਲਾਇਸੈਂਸ ਜਾਰੀ ਕਰੇ।
- ਪਿੰਡ ਦੀ ਪੰਚਾਇਤ ਨੂੰ ਇਹ ਅਧਿਕਾਰ ਹੋਵੇ ਕਿ ਉਸ ਪਿੰਡ ਦੀ ਹਦੂਦ ਅੰਦਰ ਚੱਲ ਰਹੇ ਅਜਿਹੇ ਫਾਰਮ ਹਾਊਸ ਤੇ ਇਹ ਦੇਖਣ ਲਈ ਛਾਪਾ ਮਾਰ ਸਕੇ ਕਿ ਉਥੇ ਉਸ ਪਿੰਡ ਦਾ ਕੋਈ ਬੱਚਾ ਆਪਣੀ ਪੜਾਈ ਛੱਡ ਬਾਲ ਮਜਦੂਰੀ ਤਾਂ ਨਹੀਂ ਕਰ ਰਿਹਾ ਕਿਉਂ ਕਿ 18 ਸਾਲ ਤੋਂ ਛੋਟੀ ਉਮਰ ਦੇ ਬੱਚੇ ਤੋਂ ਜਿਸਮਾਨੀ ਕੰਮ ਕਰਾਉਣਾ ਜੁਰਮ ਹੈ।
- ਪੰਚਾਇਤ ਨੂੰ ਅਧਿਕਾਰ ਦਿੱਤੇ ਜਾਣ ਕਿ ਉਹ ਅਜਿਹੇ ਕਿਸੇ ਵੀ ਫਾਰਮ ਹਾਊਸ ਦੇ ਮਾਲਕ ਦਾ ਚਲਾਣ ਕਰ ਸਕੇ ਜਾਂ ਉਸ ਦੁਆਰਾ ਵਰਤੇ ਜਾ ਰਹੇ ਵਾਹਣ ਪਕੜ ਸਕੇ ਜੋ ਉਸ ਪਿੰਡ ਦੁਆਲੇ ਗੰਦਾ ਪਾਣੀ, ਕੂੜਾ ਕਰਕਟ, ਪਲਾਸਟਿਕ, ਜੂਠ ਆਦਿ ਗਿਰਾ ਰਹੇ ਹੋਣ।
- ਸਾਰੇ ਫਾਰਮ ਹਾਊਸ, ਜੋ ਕਿਸੇ ਵੀ ਪਾਰਟੀ ਆਦਿ ਲਈ ਪਲਾਸਟਿਕ ਦੇ ਚੱਮਚ, ਪਲੇਟਾਂ, ਗਲਾਸ ਜਾਂ ਡਿਸਪੋਜੇਬਲ ਬਰਤਨ ਵਰਤਦੇ ਹਨ, ਉਹਨਾਂ ਦੀ ਵਰਤੋਂ ਲਈ ਇਤਰਾਜਹੀਣਤਾ ਸਰਟੀਫਿਕੇਟ ਡਿਪਟੀ ਕਮਿਸ਼ਨਰ ਪੱਧਰ ਤੇ ਇਸ ਤਸੱਲੀ ਤੋਂ ਬਾਅਦ ਜਾਰੀ ਹੋਵੇ ਕਿ ਉਹ ਇਸ ਕਚਰੇ ਦਾ ਵਾਤਾਵਰਣ ਪੱਖੀ ਨਿਪਟਾਰਾ ਕਿਵੇਂ ਕਰੇਗਾ।
- ਹਰੇਕ ਫਾਰਮ ਹਾਊਸ ਗੰਦੇ ਪਾਣੀ ਦੇ ਨਿਪਟਾਰੇ ਲਈ ਜਲ-ਸੋਧਕ ਪਲਾਂਟ ਲਗਾਵੇ ਅਤੇ ਸੋਧਿਆ ਪਾਣੀ ਖੇਤੀਬਾੜੀ ਅਤੇ ਸਿੰਚਾਈ ਲਈ ਵਰਤੇ।ਜੂਠ ਤੋਂ ਰਸੋਈ ਗੈਸ ਪੈਦਾ ਕਰਨ ਦੇ ਵਿਕਲਪ ਲੱਭੇ ਜੋ ਉਹਨਾਂ ਲਈ ਆਰਥਿਕ ਪੱਖੋਂ ਵੀ ਲਾਹੇਵੰਦ ਹੋਣਗੇ।
- ਜ਼ਿਲਾ ਪੱਧਰ ਤੇ ਇੱਕ Survellence Team ਹੋਵੇ ਜਿਸ ਵਿੱਚ ਪੁਲਿਸ, ਜ਼ਿਲਾ ਪ੍ਰਸਾਸ਼ਨ, ਪ੍ਰਦੂਸ਼ਣ ਰੋਕਥਾਮ ਬੋਰਡ ਨੁੰਮਾਇੰਦਿਆਂ ਤੋਂ ਇਲਾਵਾ ਕੁੱਝ ਪਿੰਡਾਂ ਦੇ ਸਰਪੰਚ ਵੀ ਮੈਂਬਰ ਹੋਣ, ਜੋ ਹਰੇਕ ਹਫ਼ਤੇ ਅਜਿਹੇ ਫਾਰਮ ਹਾਊਸਾਂ ਦੀ ਛਾਪੇਮਾਰੀ ਕਰਨ ਜੋ ਕਾਨੂੰਨ ਦੀ ਉਲੰਘਣਾ ਕਰਦੇ ਹੋਣ।ਅਜਿਹੀ ਟੀਮ ਦੀ ਛਾਪੇਮਾਰੀ ਦਾ ਡਰ ਇਹਨਾ ਫਾਰਮ ਹਾਊਸਾਂ ਨੂੰ ਕਾਨੂੰਨ ਵਿੱਚ ਰਹਿਣ ਲਈ ਮਜਬੂਰ ਕਰੇਗਾ।

ਪੰਜਾਬ ਦਰਦੀਆਂ ਲਈ ਹੁਣ ਸੋਚਣ ਦਾ ਵਕਤ ਹੈ ਕਿ ਅਜਿਹੇ ਫਾਰਮ ਹਾਊਸਾ ਤੇ ਦਿਖਾਈ ਜਾਂਦੀ ਦਿਖਾਵੇ ਦੀ ਦੁਨੀਆਂ ਤੋਂ ਪਾਸਾ ਵੱਟਣ। ਆਓ, ਸ਼ੋਰ-ਸ਼ਰਾਬ-ਸ਼ਬਾਬ ਲਈ ਲੁਟਾਏ ਜਾ ਰਹੇ ਪੈਸੇ ਨੂੰ ਪੰਜਾਬ ਦੀ ਭਲਾਈ ਲਈ ਵਰਤੀਏ।ਨੋਜਵਾਨ ਪੀੜੀ ਨੂੰ ਇਸ ਚਕਾਚੌਂਧੀ ਚੱਕਰਵਿਊ ਚੋ ਬਾਹਰ ਕੱਢੀਏ ਅਤੇ ਦਿਹਾਤੀ ਲੋਕਾਂ ਦੀ ਭਲਾਈ ਲਈ ਕੁੱਝ ਅਜਿਹਾ ਸਿਰਜੀਏ ਜੋ ਆਉਣ ਵਾਲੀਆਂ ਕਈ ਪੀੜੀਆਂ ਲਈ ਲਾਭਦਾਇਕ ਹੋਵੇ। ਸਾਧਾਰਣ ਅਤੇ ਸਸਤਾ ਵਿਆਹ ਇਸ ਦਾ ਸਭ ਤੋਂ ਵਧੀਆਂ ਵਿਕਲਪ ਹੈ।

- ਐਸ. ਪੀ. ਸਿੰਘ

# ਮੀਡੀਏ ਦਾ ਰੋਲ ਅਤੇ ਨੈਤਿਕਤਾ ਦਾ ਸਵਾਲ

ਬੀਤੇ ਕੁਝ ਸਾਲਾਂ ਤੋਂ ਸਾਡੀ ਜ਼ਿੰਦਗੀ ਦੇ ਹਰ ਪੱਖ ਵਿੱਚ ਸੰਚਾਰ ਸਾਧਨਾਂ ਦਾ ਰੋਲ ਵਧ ਰਿਹਾ ਹੈ ਪਰ ਭਾਰਤ ਵਿੱਚ ਇਸ ਦੀ ਰਫ਼ਤਾਰ ਹੋਰ ਵੀ ਤਿੱਖੀ ਹੋ ਗਈ ਹੈ। ਟੀ.ਵੀ. ਚੈਨਲਾਂ ਦੀ ਭਰਮਾਰ, ਘੱਟੋ-ਘੱਟ ਸ਼ਹਿਰੀ ਇਲਾਕਿਆਂ ਵਿੱਚ ਹਰ ਗਲੀ-ਕੋਨੇ ਤੱਕ ਉਨ੍ਹਾਂ ਦੀ ਪਹੁੰਚ, ਅਖ਼ਬਾਰਾਂ ਦੀ ਆਪਸੀ ਦੌੜ ਅਤੇ ਹਰ ਖ਼ਬਰ ਪਾਠਕ ਦੀ ਨਜ਼ਰ ਕਰਨ ਦੇ ਦਾਅਵਿਆਂ ਵਾਲੀ ਮੀਡੀਆ ਦੀ ਦੁਨੀਆਂ ਵਿੱਚ ਅਕਸਰ ਹੀ ਕੁਝ ਅਜਿਹੀਆਂ ਹੱਦਾਂ ਪਾਰ ਕੀਤੀਆਂ ਜਾ ਰਹੀਆਂ ਹਨ ਜਿਹੜੀਆਂ ਕੁਝ ਸਾਲ ਪਹਿਲਾਂ ਤੱਕ ਛੂਹੀਆਂ ਵੀ ਨਹੀਂ ਜਾ ਸਕਦੀਆਂ ਸਨ। ਜ਼ਾਹਰ ਹੈ ਕਿ ਜਿਸ ਵੇਲੇ ਸਾਡਾ ਮੀਡੀਆ ਸਾਡੀਆਂ ਧੁਰ-ਅੰਦਰਲੀਆਂ ਜ਼ਿੰਦਗੀਆਂ ਦੀਆਂ ਬਰੂਹਾਂ ਤੱਕ ਆ ਪਹੁੰਚਿਆ ਹੈ ਤਾਂ ਵਕਤ ਆ ਗਿਆ ਹੈ ਕਿ ਅਸੀਂ ਇੱਕ ਵਾਰੀ ਫਿਰ ਮੀਡੀਏ ਦੇ ਸਰੋਕਾਰਾਂ 'ਤੇ ਧਿਆਨ ਮਾਰੀਏ ਅਤੇ ਮੀਡੀਏ ਦੀ ਦੁਨੀਆਂ ਵਿੱਚ ਇਖ਼ਲਾਕੀ ਸਿਧਾਂਤਾਂ ਨਾਲ ਜੁੜੀ ਬਹਿਸ ਨੂੰ ਨਵੇਂ ਸਿਰਿਓਂ ਅਤੇ ਨਵੀਆਂ ਸੱਚਾਈਆਂ ਦੀ ਰੌਸ਼ਨੀ ਵਿੱਚ ਫਿਰ ਤੋਂ ਛੇੜੀਏ।

ਇਸ ਸੰਦਰਭ ਵਿੱਚ ਅੱਜ ਮੀਡੀਆ ਜਗਤ ਵਿਚਲੀਆਂ ਵੱਡੀਆਂ ਅਖ਼ਬਾਰਾਂ, ਟੀ.ਵੀ. ਚੈਨਲ, ਸੀਨੀਅਰ ਐਡੀਟਰ ਸਾਹਿਬਾਨ, ਸੰਵਾਦਾਤਾਵਾਂ ਨੂੰ ਤਾਂ ਬਹਿਸ ਦਾ ਹਿੱਸਾ ਬਣਨਾ ਹੀ ਚਾਹੀਦਾ ਹੈ। ਇਸ ਦੇ ਨਾਲ ਜ਼ਰੂਰਤ ਹੈ ਪੱਤਰਕਾਰਾਂ ਦੀ ਉਸ ਪੀੜੀ ਨੂੰ ਇਸ ਸਾਰਥਿਕ ਬਹਿਸ ਦਾ ਹਿੱਸਾ ਬਣਾਉਣ ਦੀ ਜਿਹੜੀ ਅਜੇ ਸਕੂਲਾਂ ਜਾਂ ਕਾਲਜਾਂ ਵਿੱਚ ਪੜ੍ਹ ਰਹੀ ਹੈ।

ਪੱਤਰਕਾਰੀ ਦੇ ਸ਼ੋਬੇ ਵਿੱਚ ਇੰਨੀ ਜ਼ਿਆਦਾ ਤਰੱਕੀ ਹੋਈ ਹੈ ਅਤੇ ਪੱਤਰਕਾਰੀ, ਐਡਵਰਟਾਈਜ਼ਿੰਗ ਅਤੇ ਜਨਸੰਚਾਰ ਦੇ ਖੇਤਰ ਦਾ ਮੰਨੋਰੰਜਨ ਦੀ ਦੁਨੀਆਂ ਨਾਲ ਕੁਝ ਇਸ ਕਿਸਮ ਦਾ ਸਬੰਧ ਬਣ ਗਿਆ ਹੈ ਕਿ ਇਸ ਕਿੱਤੇ ਦਾ ਖੇਤਰ ਹੁਣ ਬਹੁਤ ਵਿਸ਼ਾਲ ਹੋ ਗਿਆ ਹੈ।

FICCI-KPMG ਦੀ ਨਵੀਂ ਰਿਪੋਰਟ ਅਨੁਸਾਰ ਭਾਰਤ ਵਿੱਚ ਮੀਡੀਆ-ਮਨੋਰੰਜਨ ਸਨਅਤ ਲਗਪਗ 65,200 ਕਰੋੜ ਰੁਪਏ ਤਕ ਜਾ ਪਹੁੰਚੀ ਹੈ ਅਤੇ ਇਸ ਸਾਲ ਇਸ ਵਿੱਚ 13 ਫ਼ੀਸਦੀ ਦੀ ਰਫ਼ਤਾਰ ਨਾਲ ਵਾਧਾ ਹੋ ਰਿਹਾ ਹੈ। Price water house Coopers (PWC) ਦਾ ਤਾਂ ਇਹ ਵੀ ਕਹਿਣਾ ਹੈ ਕਿ ਜਲਦੀ ਹੀ ਇਹ 100,000 ਕਰੋੜ ਰੁਪਏ ਦੀ ਸਨਅਤ ਹੋ ਨਿਬੜੇਗੀ।

ਇਨ੍ਹਾਂ ਅੰਕੜਿਆਂ ਮੁਤਾਬਕ ਮੀਡੀਆ ਦੀ ਦੁਨੀਆਂ ਵਿੱਚ ਵੱਡੀ ਤਾਦਾਦ ਵਿੱਚ ਨੌਕਰੀਆਂ ਪੈਦਾ ਹੋਣਗੀਆਂ। ਜਿਵੇਂ 1990ਵਿਆਂ ਵਿੱਚ ਕਾਲ-ਸੈਂਟਰ ਨੌਕਰੀਆਂ ਦਾ ਹੜ੍ਹ ਜਿਹਾ ਆ ਗਿਆ ਸੀ, ਉਸੇ ਤਰ੍ਹਾਂ ਇਹ ਦਹਾਕਾ ਮੀਡੀਆ-ਮੰਨੋਰੰਜਨ ਸਨਅਤ ਦਾ ਦਹਾਕਾ ਹੋਵੇਗਾ।

ਜ਼ਾਹਰ ਹੈ ਕਿ ਇਸ ਕਿਸਮ ਦੀ ਤੇਜ਼ੀ ਨਾਲ ਵਿਕਾਸ ਕਰ ਰਹੀ ਸਨਅਤ ਲਈ ਹਜ਼ਾਰਾਂ ਦੀ ਗਿਣਤੀ ਵਿੱਚ ਹੁਨਰਮੰਦ ਹੱਥਾਂ ਦੀ ਜ਼ਰੂਰਤ ਨੂੰ ਵਿੱਦਿਅਕ ਸੰਸਥਾਵਾਂ ਝੱਟ ਭਾਂਪ ਲੈਂਦੀਆਂ। ਪੰਜਾਬ ਵਿੱਚ ਪੱਤਰਕਾਰੀ ਅਤੇ ਜਨਸੰਚਾਰ ਵਿਭਾਗ ਕੁਝ ਯੂਨੀਵਰਸਿਟੀਆਂ ਵਿੱਚ ਵੀ ਚੱਲ ਰਹੇ ਹਨ ਅਤੇ ਬਹੁਤ ਸਾਰੇ ਪ੍ਰਾਈਵੇਟ ਕਾਲਜ ਵੀ ਇਹ ਕੋਰਸ ਕਰਵਾ ਰਹੇ ਹਨ।



ਮੀਡੀਆ ਵਿਚਲੇ ਇਖ਼ਲਾਕ ਬਾਰੇ ਪੜ੍ਹਾਈ ਹਰ ਪੱਤਰਕਾਰੀ ਕੋਰਸ ਦਾ ਅਨਿੱਖੜਵਾਂ ਅੰਗ ਜ਼ਰੂਰ ਹੈ ਪਰ ਜਿਸ ਢੰਗ ਤਰੀਕੇ ਨਾਲ ਪੱਤਰਕਾਰੀ ਦੀ ਪੜ੍ਹਾਈ ਦੇ ਇਸ ਪੱਖ ਨੂੰ ਲਿਆ ਜਾ ਰਿਹਾ ਹੈ, ਉਸ ਵਿੱਚ ਬਹੁਤ ਸੁਧਾਰ ਕਰਨ ਦੀ ਜ਼ਰੂਰਤ ਹੈ।

ਸੰਸਾਰ ਦੀ ਬਹੁਤ ਮੰਨੀ-ਪ੍ਰਮੰਨੀ ਅਖ਼ਬਾਰ ਨਿਊਯਾਰਕ ਟਾਈਮਜ਼ ਵਿੱਚ ਕੁਝ ਸਾਲ ਪਹਿਲਾਂ ਇੱਕ ਅਜਿਹੇ ਪੱਤਰਕਾਰ ਦਾ ਕਿੱਸਾ ਉਜਾਗਰ ਹੋਇਆ ਸੀ ਜਿਹੜਾ ਖ਼ਬਰਾਂ ਨੂੰ ਬੇਹੱਦ ਰੌਚਕ ਬਣਾ ਦੇਣ ਲਈ ਮਸ਼ਹੂਰ ਸੀ। ਜੇਸਨ ਬਲੇਅਰ ਨਾਂ ਦਾ ਇਹ ਪੱਤਰਕਾਰ ਅਸਲ ਵਿੱਚ ਮਨਘੜਤ ਖ਼ਬਰਾਂ ਦੇ ਰਿਹਾ ਸੀ ਅਤੇ ਨਿਊਯਾਰਕ ਟਾਈਮਜ਼ ਦੇ ਨੇਮਾਂ ਅਤੇ ਬੜੇ ਸਖ਼ਤ ਪੇਸ਼ਬੰਦੀਆਂ ਵਾਲੇ ਪ੍ਰਬੰਧ ਤੋਂ ਬਚਣ ਵਿੱਚ ਸਫ਼ਲ ਰਿਹਾ ਸੀ। ਸਮਾਂ ਪਾ ਕੇ ਜਦੋਂ ਜੇਸਨ ਬਲੇਅਰ ਦੀਆਂ ਮਨਘੜਤ ਖ਼ਬਰਾਂ ਦਾ ਕਿੱਸਾ ਖ਼ੁਦ ਖ਼ਬਰ ਬਣ ਗਿਆ ਤਾਂ ਪੂਰੀ ਦੁਨੀਆਂ ਵਿੱਚ ਪੱਤਰਕਾਰੀ ਵਿਚਲੇ ਇਖ਼ਲਾਕੀ ਸਿਧਾਂਤਾਂ ਬਾਰੇ ਬਹਿਸ ਛਿੜ ਪਈ ਸੀ। ਸ਼ਾਇਦ ਇਸ ਬਹਿਸ ਨੇ ਅਜੇ ਹੋਰ ਭਖਣਾ ਸੀ। ਖ਼ਬਰਾਂ ਦੀ ਦੌੜ ਇਨ੍ਹਾਂ tabloid ਅਖ਼ਬਾਰਾਂ ਵਿੱਚ ਤਾਂ ਇੰਨੀ ਭਖੀ ਹੋਈ ਹੈ ਕਿ ਵੱਡੀ ਗਿਣਤੀ ਵਿੱਚ ਛਪਣ ਵਾਲੇ ਅਖ਼ਬਾਰ ਗੰਭੀਰ ਖ਼ਬਰਾਂ ਵੱਲ ਧਿਆਨ ਨਾ ਦੇ ਕੇ ਅਮੀਰ, ਅਸਰ-ਰਸੂਖ ਵਾਲੇ, ਫ਼ਿਲਮੀ ਹਸਤੀਆਂ ਜਾਂ ਸ਼ਾਹੀ ਘਰਾਣੇ ਨਾਲ ਸਬੰਧਤ ਵਿਅਕਤੀਆਂ ਦੇ ਨਿੱਜੀ ਜੀਵਨ ਬਾਰੇ ਊਲ-ਜਲੂਲ ਜਾਂ ਅੱਧ-ਸੱਚੀਆਂ ਖ਼ਬਰਾਂ ਛਾਪ ਕੇ ਘਟੀਆ ਕਿਸਮ ਦੀ ਮਾਨਸਿਕਤਾ ਨੂੰ ਪਰੋਸ ਰਹੇ ਹਨ। ਇਹ ਵਰਤਾਰਾ ਭਾਰਤ ਵਿੱਚ ਹੀ ਨਹੀਂ ਬਲਕਿ ਤਰੱਕੀਸ਼ੁਦਾ ਪੱਛਮੀ ਦੇਸ਼ਾਂ ਵਿੱਚ ਵੀ ਬੜਾ ਪ੍ਰਬਲ ਹੈ।

ਹੁਣੇ-ਹੁਣੇ ਬਰਤਾਨੀਆ ਵਿੱਚ ਨਿਊਜ਼ ਆਫ਼ ਦਿ ਵਰਲਡ ਨਾਂ ਦੇ

168-ਸਾਲ ਪੁਰਾਣੇ ਅਖ਼ਬਾਰ ਵਿੱਚ ਜੋ ਹੋਇਆ, ਉਹ ਸ਼ਾਇਦ ਇਸ ਕਿਸਮ ਦੀ ਗੈਰ-ਗੰਭੀਰ ਪੱਤਰਕਾਰੀ ਦੀ ਹੀ ਮਿਸਾਲ ਨਹੀਂ ਸਗੋਂ ਇਸ ਨਾਲ ਮੀਡੀਆ ਵਿਚਲੇ ਇਖ਼ਲਾਕੀ ਪੱਧਰ ਦੀ ਗਿਰਾਵਟ ਵੀ ਸਾਡੇ ਸਾਹਮਣੇ ਆਈ ਹੈ।

ਪਿਛਲੇ ਕੁਝ ਸਮੇਂ ਤੋਂ ਇਸ ਅਖ਼ਬਾਰ ਦੇ ਪੱਤਰਕਾਰ ਸ਼ਾਹੀ ਖ਼ਾਨਦਾਨ ਦੇ ਬਾਸ਼ਿੰਦਿਆਂ ਵਲੋਂ ਫੋਨ 'ਤੇ ਛੱਡੇ ਸੁਨੇਹੇ ਤਕਨੀਕੀ ਮਾਹਰਾਂ ਦੀ ਮਦਦ ਨਾਲ ਹਾਸਲ ਕਰ ਰਹੇ ਸਨ ਅਤੇ ਉਨ੍ਹਾਂ ਵਿੱਚੋਂ ਮਿਲੀ ਜਾਣਕਾਰੀ ਦੇ ਅਧਾਰ ਤੇ ਖ਼ਬਰਾਂ ਛਾਪ ਰਹੇ ਸਨ। ਉਸ ਵੇਲੇ ਦੇ ਬਰਤਾਨਵੀ ਪ੍ਰਧਾਨ ਮੰਤਰੀ ਟੋਨੀ ਬਲੇਅਰ ਨੂੰ ਇਸ ਗੱਲ ਦਾ ਭਲੀਭਾਂਤ ਪਤਾ ਸੀ ਪਰ ਸਮੇਂ ਦੀ ਸਰਕਾਰ ਨੇ ਮਾਮਲੇ ਨੂੰ ਬਹੁਤਾ ਤੂਲ ਨਾ ਦਿੱਤਾ।

ਇਸ ਦਾ ਇੱਕ ਕਾਰਨ ਇਹ ਵੀ ਸੀ ਕਿ ਮੀਡੀਆ ਦੀ ਦੁਨੀਆਂ ਦੇ ਬੇਤਾਜ ਬਾਦਸ਼ਾਹ, ਰੁਪਰਟ ਮਰਡੋਕ, ਇਨਾਂ ਜ਼ਿਆਦਾ ਪ੍ਰਭਾਵ ਰੱਖਦੇ ਹਨ ਕਿ ਕੋਈ ਵੀ ਸਰਕਾਰ ਉਨ੍ਹਾਂ ਨਾਲ ਰਿਸ਼ਤਾ ਤੋੜਨਾ ਜਾਂ ਖ਼ਰਾਬ ਕਰਨਾ ਨਹੀਂ ਚਾਹੁੰਦੀ।

ਰੁਪਰਟ ਮਰਡੋਕ ਹੀ ਨਿਊਜ਼ ਆਫ਼ ਦਿ ਵਰਲਡ ਦੇ ਮਾਲਕ ਹਨ ਅਤੇ ਉਹ ਹੋਰ ਵੀ ਬਹੁਤ ਸਾਰੀਆਂ ਬੇਹੱਦ ਪ੍ਰਭਾਵ ਵਾਲੀਆਂ ਅਖ਼ਬਾਰਾਂ ਦੇ ਮਾਲਕ ਹਨ।ਹੁਣ ਉਹ ਬਰਤਾਨੀਆਂ ਦੇ ਸਭ ਤੋਂ ਵੱਡੇ ਟੀ।ਵੀ। ਡਿਸਟਰੀਬਿਊਟਰ, ਬੀਸਕਾਈਬੀ (BSKyB) ਖਰੀਦਣ ਜਾ ਰਹੇ ਸਨ ਜਿਸ ਨਾਲ ਉਨ੍ਹਾਂ ਦੇ ਪ੍ਰਭਾਵ ਦਾ ਘੇਰਾ ਹੋਰ ਵੀ ਵਿਸ਼ਾਲ ਹੋ ਜਾਣਾ ਸੀ ਪਰ ਹੁਣ ਉਨ੍ਹਾਂ ਉਤੇ ਲੋਕਮਤ ਦਾ ਦਬਾਅ ਇੰਨਾਂ ਹੋ ਗਿਆ ਹੈ ਕਿ ਇਹ ਸੌਦਾ ਵੀ ਵਿਚਕਾਰ ਹੀ ਲਟਕ ਗਿਆ ਹੈ।

**ਉਨ੍ਹਾਂ ਨੇ ਆਪਣੀਆਂ ਲੋੜਾਂ ਦੀ ਪੂਰਤੀ ਲਈ ਦੂਰ-ਦੁਰੇਡੇ ਨਜ਼ਰ ਦੜਾਉਣ ਲਈ ਸਾਨੂੰ ਚੈਨਲਾਂ ਦੇ ਤੌਰ 'ਤੇ ਵਰਤਿਆ ਪਰ ਉਹ ਨਹੀਂ ਜਾਣਦੇ ਕਿ ਇਨ੍ਹਾਂ ਚੈਨਲਾਂ ਤੋਂ ਉਲਟ ਦਿਸ਼ਾ ਵੱਲ ਵੀ ਰੁਖ ਮੋੜਿਆ ਜਾ ਸਕਦਾ ਹੈ ਜਿਸ ਦੇ ਰਾਹੀਂ ਸੱਚੀ ਕਹਾਣੀ ਸਾਹਮਣੇ ਲਿਆਂਦੀ ਜਾ ਸਕਦੀ ਹੈ। ਅਸੀਂ ਉਲਟ ਦਿਸ਼ਾ ਵੱਲ ਸੋਚਣ ਵਾਲੇ ਕਿੰਨੇ ਖੁਸ਼ਕਿਸਮਤ ਹਾਂ ਕਿ ਸਾਨੂੰ ਵੀ ਤਕਨੀਕ ਵਰਤਣੀ ਆਉਂਦੀ ਹੈ ਅਤੇ ਆਪਣੀ ਗੱਲ ਕਹਿਣੀ ਆਉਂਦੀ ਹੈ।**

ਨਿਊਜ਼ ਆਫ਼ ਦਿ ਵਰਲਡ ਵਿਚਲਾ ਸਕੈਂਡਲ ਵੱਡੇ ਰੂਪ ਵਿੱਚ ਉਸ ਵੇਲੇ ਨਿਕਲ ਕੇ ਬਾਹਰ ਆਇਆ ਜਦੋਂ ਇਹ ਇਕਸ਼ਾਫ ਹੋਇਆ ਕਿ ਇਸ ਦੇ ਪੱਤਰਕਾਰ ਇੱਕ ਅਗਵਾ ਹੋਈ 14 ਸਾਲਾ ਲੜਕੀ ਦੇ ਟੈਲੀਫੋਨ ਵਿੱਚੋਂ voice-mails ਕੱਢਦੇ ਰਹੇ ਸਨ ਜਦੋਂ ਪੁਲੀਸ ਦੀ ਪੜਤਾਲ ਅਜੇ ਜਾਰੀ ਸੀ। ਬਾਅਦ ਵਿੱਚ ਇਸ ਲੜਕੀ ਦੀ ਲਾਸ਼ ਕੁਝ ਮਹੀਨੇ ਪਿੱਛੋਂ ਗਲੀ-ਸੜੀ ਹਾਲਤ ਵਿੱਚ ਮਿਲੀ ਸੀ।

ਖ਼ਬਰਾਂ ਲੋਕਾਂ ਦੀ ਜ਼ਰੂਰਤ ਹਨ ਪਰ ਖ਼ਬਰਾਂ ਕਿਵੇਂ ਇਕੱਠੀਆਂ ਕੀਤੀਆਂ ਜਾਣ ਅਤੇ ਖ਼ਬਰ ਦੀ ਭਾਲ ਵਿੱਚ ਪੱਤਰਕਾਰ ਲੋਕਾਂ ਦੀ ਜ਼ਾਤੀ ਜ਼ਿੰਦਗੀ ਵਿੱਚ ਦਖ਼ਲਅੰਦਾਜ਼ੀ ਤੋਂ ਕਿਵੇਂ ਗੁਰੇਜ਼ ਕਰਨ, ਇਹ ਸਭ ਤਾਂ ਇਕ ਵੱਡੀ ਬਹਿਸ ਦਾ ਹਿੱਸਾ ਬਣਨਾ ਹੀ ਸੀ। ਇਸ ਸਕੈਂਡਲ ਦਾ ਅਜਿਹੇ ਸਮੇਂ ਪਰਦਾਫਾਸ਼ ਹੋਣਾ ਜਦੋਂ ਰੁਪਰਟ ਮਰਡੋਕ ਇਕ ਵੱਡੇ ਟੀ.ਵੀ. ਡਿਸਟਰੀਬਿਊਟਰ ਨੂੰ ਖਰੀਦਣ ਜਾ ਰਹੇ ਸਨ, ਬਹਿਸ ਨੂੰ ਹੋਰ ਵੀ ਗਰਮ ਕਰ ਗਿਆ ਹੈ।

ਬਰਤਾਨੀਆ ਦੇ ਲੋਕਾਂ ਨੇ ਇਹ ਪੁੱਛਣਾ ਸ਼ੁਰੂ ਕਰ ਦਿੱਤਾ ਕਿ ਇਸ ਸੌਦੇ ਨਾਲ ਰੁਪਰਟ ਮਰਡੋਕ ਕਿਤੇ ਏਨੇ ਤਾਕਤਵਰ ਤਾਂ ਨਹੀਂ ਹੋ ਜਾਣਗੇ ਕਿ ਉਹ ਦੇਸ਼ ਦੀ ਰਾਜਨੀਤੀ ਨੂੰ ਸਿੱਧੇ ਜਾਂ ਅਸਿੱਧੇ ਰੂਪ ਵਿੱਚ ਪ੍ਰਭਾਵਿਤ ਕਰਨ ? ਜਵਾਬ ਆਮ ਲੋਕਾਂ ਦੀ ਮਾਨਸਿਕਤਾ ਵਿੱਚ ਸਾਫ਼ ਹਾਂ ਵਿੱਚ ਸੀ। ਜਲਦੀ ਨਾਲ ਫ਼ੈਸਲਾ ਲੈਂਦਿਆਂ ਮਰਡੋਕ ਨੇ 168 ਸਾਲ ਪੁਰਾਣੇ ਨਿਊਜ਼ ਆਫ਼ ਦਿ ਵਰਲਡ ਅਖ਼ਬਾਰ ਨੂੰ ਬੰਦ ਕਰ ਦੇਣ ਦਾ ਫ਼ੈਸਲਾ ਸੁਣਾ ਦਿੱਤਾ ਤਾਂ ਜੋ ਕੋਈ ਬੁਰਾ ਪ੍ਰਭਾਵ ਉਸ ਦੇ ਟੀ.ਵੀ. ਡਿਸਟ੍ਰੀਬਿਊਟਰ ਵਾਲੇ ਸੌਦੇ 'ਤੇ ਨਾ ਪਵੇ।

ਅੱਜ ਦੁਨੀਆਂ ਭਰ ਵਿੱਚ ਮੀਡੀਆ ਨਾਲ ਜੁੜੇ ਬੁੱਧੀਜੀਵੀ ਇਸ ਸਾਰੇ ਬਿਰਤਾਂਤ ਤੋਂ ਸਿੱਖਣ ਵਾਲੇ ਸਬਕ ਬਾਰੇ ਗੱਲ ਕਰ ਰਹੇ ਹਨ ਪਰ ਇਹੀ ਸਮਾਂ ਹੈ ਕਿ ਉਸ ਹਿੱਸੇ ਬਾਰੇ ਵੀ ਗੱਲ ਕਰੀਏ ਜਿੱਥੋਂ ਨਵੀਂ ਪੀੜ੍ਹੀ ਦੇ ਪੱਤਰਕਾਰ ਆਉਂਦੇ ਹਨ।

ਉਹ ਹਨ ਸਾਡੇ ਪੱਤਰਕਾਰੀ ਅਤੇ ਜਨਸੰਚਾਰ ਕੋਰਸ ਚਲਾਉਣ ਵਾਲੇ ਕਾਲਜ ਅਤੇ ਯੂਨੀਵਰਸਿਟੀਆਂ। ਸਾਨੂੰ ਇੱਕ ਵਾਰੀ ਫਿਰ ਮੀਡੀਏ ਦੀਆਂ ਆਪਣੀਆਂ ਇਖ਼ਲਾਕੀ ਕਦਰਾਂ-ਕੀਮਤਾਂ ਬਾਰੇ ਗੱਲ ਕਰਨੀ ਚਾਹੀਦੀ ਹੈ। ਪੱਤਰਕਾਰੀ ਵਿਭਾਗਾਂ ਨੂੰ ਕਿਤੇ ਜ਼ਿਆਦਾ ਤਵੱਜੋਂ ਇਸ ਵਿਸ਼ੇ 'ਤੇ ਦੇਣ ਦੀ ਜ਼ਰੂਰਤ ਹੈ। ਇਹ ਮੰਨ ਕੇ ਚੱਲਣਾ ਕਿ ਕਾਰਪੋਰੇਟ ਨਿਜ਼ਾਮ ਵਿੱਚ ਪੈਸਾ ਹੀ ਇਖ਼ਲਾਕ ਤਹਿ ਕਰਦਾ ਹੈ ਇਕ ਸੌਖਾ ਤੇ ਆਸਾਨ ਤਰੀਕਾ ਹੈ, ਉਸ ਲੜਾਈ ਤੋਂ ਕਿਨਾਰਾ ਕਰਨ ਦਾ ਜਿਹੜੀ ਸਾਨੂੰ ਮੀਡੀਏ ਦੀਆਂ ਉੱਚੀਆਂ ਕਦਰਾਂ-ਕੀਮਤਾਂ ਲਈ ਲੜਨੀ ਹੀ ਪਵੇਗੀ।

ਰੰਗੀਨ ਸਪਲੀਮੈਂਟਾਂ 'ਤੇ ਮੁੰਬਈ ਫ਼ਿਲਮ ਇੰਡਸਟਰੀ ਵਿਚਲੇ ਚੰਦ ਚਮਕਦੇ ਚਿਹਰੇ ਹੀ 121 ਕਰੋੜ ਲੋਕਾਂ ਦੇ ਦੇਸ਼ ਦੇ ਸਰੋਕਾਰ ਨਹੀਂ ਹੋ ਸਕਦੇ। ਇਖ਼ਲਾਕ ਇਸ ਦੀ ਮੰਗ ਕਰਦਾ ਹੈ ਕਿ ਅਸੀਂ ਗੰਭੀਰਤਾ ਤੋਂ ਕਿਨਾਰਾ ਨਾ ਕਰੀਏ।ਆਪਣੀ ਤਾਕਤ ਦੇ ਨਸ਼ੇ ਵਿੱਚ ਮੀਡੀਆ ਦੇ ਬਹੁਤ ਸਾਰੇ ਹਿੱਸੇ ਅੱਜ ਗੰਭੀਰ ਮੁੱਦਿਆਂ ਵਿੱਚ ਨਾ ਜਾ ਕੇ ਵਪਾਰ ਅਤੇ ਛਪਣ ਗਿਣਤੀ ਦੀ ਦੌੜ ਵਿੱਚ ਸ਼ਾਮਲ ਹੋ ਗਏ ਹਨ।

ਉਨ੍ਹਾਂ ਨੂੰ ਆਪਣਾ ਨਫ਼ੇ ਵਾਲੇ ਗਰਾਫ਼ ਦੇਖ ਕੇ ਸ਼ਾਇਦ ਮਾਣ ਮਹਿਸੂਸ ਹੁੰਦਾ ਹੋਵੇ ਪਰ ਨਿਊਜ਼ ਆਫ਼ ਦਿ ਵਰਲਡ ਦੇ ਸਕੈਂਡਲ ਤੋਂ ਬਾਅਦ ਇਹ ਸਪਸ਼ਟ ਹੈ ਕਿ ਕਿਸੇ ਵੀ ਉਚਾਈ ਤੇ ਪਹੁੰਚ ਕੇ ਡਿੱਗਣ ਦਾ ਖਤਰਾ ਬਣਿਆ ਰਹੇਗਾ ਜੇ ਇਖ਼ਲਾਕ ਵਾਲੀ ਧਰਾਤਲ ਵੱਲ ਅਸੀਂ ਅਵੇਸਲੇ ਹੋ ਗਏ।

ਯਾਦ ਰਹੇ ਕਿ ਬੰਦ ਹੋਣ ਵਾਲੇ ਦਿਨ ਤੱਕ ਇਸ ਅਖ਼ਬਾਰ ਨੂੰ 75 ਲੱਖ ਲੋਕ ਪੜ੍ਹ ਰਹੇ ਸਨ ਅਤੇ ਇਹ ਬਰਤਾਨੀਆ ਦਾ ਸਭ ਤੋਂ ਵੱਧ ਪੜ੍ਹਿਆ ਜਾਣ ਵਾਲਾ ਅਖ਼ਬਾਰ ਸੀ। ਛਪਣ ਗਿਣਤੀ, ਵਪਾਰਕ ਮੁਨਾਫ਼ਾ ਅਤੇ ਇਸ਼ਤਿਹਾਰ ਸਫ਼ਲ ਮੀਡੀਆ ਲਈ ਜ਼ਰੂਰੀ ਹਨ ਪਰ ਬਿਨਾਂ ਇਖ਼ਲਾਕੀ ਕਦਰਾਂ-ਕੀਮਤਾਂ ਤੋਂ ਇਹ ਸਭ ਹੋਣ ਦੇ ਬਾਵਜੂਦ ਕਦੀ ਖੜ੍ਹੇ ਰਹਿਣਾ ਵੀ ਮੁਸ਼ਕਿਲ ਹੋ ਸਕਦਾ ਹੈ। ਵਿਸ਼ਵਾਸ਼ ਨਾ ਹੋਵੇ ਤਾਂ ਰੁਪਰਟ ਮਰਡੋਕ ਤੋਂ ਪੁੱਛ ਵੇਖੋ ਅਤੇ ਜੇ ਹੋਵੇ ਤਾਂ ਨਵੀਂ ਪੜ੍ਹ ਰਹੀ ਪੱਤਰਕਾਰੀ ਦੀ ਪੀੜ੍ਹੀ ਨੂੰ ਕਾਲਜਾਂ ਤੇ ਯੂਨੀਵਰਸਿਟੀਆਂ ਵਿੱਚ ਜ਼ਰੂਰ ਦੱਸੋ।

# ਮੈਂ ਵੀ ਕੁਝ ਸੁਣਾਉਣਾ ਚਾਹੁੰਦੀ ਹਾਂ

ਮੈਂ ੧ਵੀਂ ਕਲਾਸ ਦੀ ਵਿਦਿਆਰਥਣ ਹਾਂ। ਮੈਂ ਕਿਸੇ ਵੀ ਤੁਹਾਡੇ ਪਿੰਡ ਦੇ ਸਰਕਾਰੀ ਸਕੂਲ ਵਿਚ ਪੜ੍ਹਦੀ ਹੋ ਸਕਦੀ ਹਾਂ। ਮੈਨੂੰ ਅਜੋਕੇ ਵਿਸ਼ਵੀਕਰਨ ਦੇ ਦੌਰ 'ਚ ਬੜੀ ਖੁਸ਼ੀ ਹੁੰਦੀ ਹੈ ਕਿ ਮੇਰੇ ਹਜ਼ਾਰਾਂ ਭੈਣ-ਭਰਾ ਦੂਰ ਵਿਦੇਸ਼ਾਂ ਵਿਚ ਪਹੁੰਚੇ ਹੋਏ ਹਨ। ਕਈਆਂ ਦੀ ਤਾਂ ਜੀਵਨ ਸ਼ੈਲੀ ਇਧਰ ਬੜੀ ਚੰਗੀ ਸੀ।ਉਨ੍ਹਾਂ ਨੂੰ ਜਾਪਿਆ ਕਿ ਅਸੀਂ ਦੁਨੀਆ ਦੇ ਅਜਿਹੇ ਵਿਕਸਿਤ ਦੇਸ਼ਾਂ ਵਿਚ ਆਪਣਾ ਰੈਣ ਬਸੇਰਾ ਬਣਾਉਣਾ ਹੈ ਜਿਸ ਨਾਲ ਉਨ੍ਹਾਂ ਦੇ ਭਵਿੱਖ ਦੀ ਨਸਲ ਬੜੇ ਸੁਚੱਜੇ ਢੰਗ ਨਾਲ ਵਿਕਸਿਤ ਹੋ ਸਕੇ ਕਿਉਂਕਿ ਦੁਨੀਆ ਦੇ ਸੰਚਾਰ ਮਾਧਿਅਮ ਵਿਚ ਆਈ ਤੇਜ਼ੀ ਕਾਰਨ ਕਈ ਕਿਸਮ ਦੀਆਂ ਲਾਲਸਾਵਾਂ ਅਤੇ ਲਲਕਾਂ ਕਈ ਢੰਗਾਂ ਨਾਲ ਰੋਜ਼ਮਰਾ ਦੀ ਜੀਵਨ ਜਾਂਚ 'ਤੇ ਅਸਰ ਪਾਉਣ ਲੱਗੀਆਂ। ਇੰਝ ਜਾਪਿਆ ਕਿ ਹੁਣ ਪੰਜਾਬ ਸਿਰਫ਼ ਸਾਨੂੰ ਹੀ ਕੁਝ ਨਾ ਕੁਝ ਰੋਟੀ ਤਾਂ ਦੇ ਸਕਦਾ ਹੈ ਪਰ ਇਕ ਸੋਹਣੀ ਸੁਚੱਜੀ ਜ਼ਿੰਦਗੀ ਨਹੀਂ ਸਕਦਾ। ਸ਼ਾਇਦ ਇਸ ਧਾਰਨਾ ਨੇ ਮੇਰੇ ਕਿੰਨੇ ਹੀ ਅੰਕਲਾਂ ਅਤੇ ਅੰਟੀਆਂ ਨੂੰ ਪ੍ਰਵਾਸ ਕਰਨ ਲਈ ਪ੍ਰੇਰਿਆ ਹੋਵੇ। ਦੂਸਰਾ ਰੋਜ਼ਮਰਾ ਦੇ ਪ੍ਰਬੰਧਕੀ ਚਲਣ ਢੰਗ ਵਿਚ ਆਪਣੀ ਤਾਕਤ ਅਜਾਇਆਂ ਗਵਾਉਣ ਤੋਂ ਅੱਕੇ ਹੋਣ ਕਰਕੇ ਇਹ ਬਣ ਗਿਆ ਕਿ ਕਿਉਂ ਨਾ ਆਪਣੀ ਆਉਣ ਵਾਲੀ ਪੀੜ੍ਹੀ ਨੂੰ ਇਕ ਚੰਗੀ ਲਿਆਕਤ ਦਿੱਤੀ ਜਾਵੇ। ਮੇਰੇ ਆਂਢ-ਗੁਆਂਢ ਦੇ ਪਰਿਵਾਰਾਂ ਵਿਚ ਅਕਸਰ ਇਹ ਗੱਲਾਂ ਹੁੰਦੀਆਂ ਕਿ ਜੋ ਵਿਦੇਸ਼ਾਂ 'ਚ ਜਾਂਦੇ ਨੇ ਉਹ ਬਹੁਤ ਅਮੀਰ ਹੋ ਜਾਂਦੇ ਨੇ ਅਤੇ ਉਸ ਅਮੀਰੀ ਦੇ ਰੰਗ ਦਾ ਕੁਝ ਹਿੱਸਾ ਸਾਨੂੰ ਵੀ ਮਿਲ ਜਾਂਦਾ ਹੈ। ਮੇਰੇ ਆਂਢ-ਗੁਆਂਢ ਦੇ ਪਰਿਵਾਰਾਂ ਦੇ ਜੀਆਂ ਨੂੰ ਜਦੋਂ ਮੈਂ ਦੇਖਦੀ ਹਾਂ ਉਨ੍ਹਾਂ ਦੇ ਲਾਲ ਤਾਂ ਟਾਈਆਂ ਅਤੇ ਨਕਾਈਆਂ ਲਗਾ ਕੇ ਦੂਰ-ਦੁਰੇਡੇ ਵੱਡੇ ਵੱਡੇ ਸਕੂਲਾਂ ਅਤੇ ਕਾਲਜਾਂ ਵਿਚ ਚਲੇ ਜਾਂਦੇ ਹਨ ਜਿਨ੍ਹਾਂ ਦੀ ਆਰਥਿਕ ਪਹੁੰਚ ਵਧ ਗਈ ਉਹ ਚੰਡੀਗੜ੍ਹ ਵੱਲ ਨੂੰ ਚਾਲੇ ਪਾ ਗਏ।ਰਹਿੰਦੇ ਛੋਟੇ ਮੋਟੇ ਸ਼ਹਿਰਾਂ ਵੱਲ ਕੂਚ ਕਰ ਗਏ।ਜਦੋਂ ਕਦੀਂ-ਕਦਾਈਂ ਮੇਰੇ ਅੰਕਲ ਅੰਟੀ ਵਿਦੇਸ਼ਾਂ ਵਿਚੋਂ ਆਉਂਦੇ ਨੇ ਉਹ ਕਿਸੇ ਵਿਆਹ ਸ਼ਾਦੀ ਵਿਚ ਸ਼ਿਰਕਤ ਕਰਨ ਜਾਂ ਆਪਣੇ ਪਰਿਵਾਰ 'ਚੋਂ ਵਿਛੋੜਾ ਦੇ ਕੇ ਗਏ ਕਿਸੇ ਜੀਅ ਦੀਆਂ ਯਾਦਾਂ ਸਾਂਝੀਆਂ ਕਰਨ ਆਉਂਦੇ ਨੇ।ਕਈ ਕਿਸਮ ਦੇ ਕਾਰਨ ਹੋ ਸਕਦੇ ਹਨ ਜਿਨ੍ਹਾਂ ਕਰਕੇ ਵਿਦੇਸ਼ਾਂ ਵਿਚ ਗਏ ਮੇਰੇ ਅੰਕਲ ਅੰਟੀਆਂ ਵਾਪਸ ਪਰਤਦੇ ਨੇ ਅਤੇ ਇਥੇ ਆਪਣੇ ਅਤੀਤ ਦੇ ਪਿੰਡਾਂ ਨੂੰ ਸਿਰਫ਼ ਯਾਦ ਕਰਦੇ ਨੇ ਅਤੇ ਉਨ੍ਹਾਂ ਨੂੰ ਮੁੜ ਜਾਪਦਾ ਹੈ ਕਿ ਸ਼ੁਕਰ ਹੈ ਅਸੀਂ ਇਥੋਂ ਪਰਵਾਸ ਕਰ ਗਏ ਹਾਂ ਪਰ ਕੁਝ ਅਜਿਹੇ ਹਿੱਸੇ ਵੀ ਦੂਰ ਵਿਦੇਸ਼ਾਂ ਤੋਂ ਆਪਣੀ ਅਜਿਹੀ ਸਿੱਖਿਆ ਹਾਸਲ ਕਰਦੇ ਨੇ ਜਿਨ੍ਹਾਂ ਨੂੰ ਕਦੀਂ ਕਦਾਈਂ ਸਨਫਰਾਂਸਿਸਕੋ ਦੇ ਗਦਰੀਆਂ ਦੀ ਯਾਦ ਆ ਜਾਂਦੀ ਹੈ। ਜਿਹੜੇ ਗਏ ਤਾਂ ਰੋਜ਼ੀ ਰੋਟੀ ਕਮਾਉਣ ਸੀ ਪਰ ਉਥੋਂ ਆਪਣੀ ਚੇਤਨਤਾ



ਪਰਤਿਆ ਜਾਏ ਆਪਣੀ ਮਿੱਟੀ 'ਚ ਮੁੜ ਲੀਨ ਹੋ ਕੇ ਉਸ ਨੂੰ ਜੀਵਤ ਕੀਤਾ ਜਾਏ। ਇਹ ਕਹਾਣੀ ਕਈ ਵਾਰੀ ਮੈਂ ਫਿਰਦੀ ਤੁਰਦੀ ਆਪਣੇ ਪਰਿਵਾਰ ਦੇ ਇਕ ਜੀਅ ਤੋਂ ਸੁਣਦੀ ਹਾਂ ਜੋ ਅਕਸਰ ਹੀ ਦੇਸ਼ ਭਗਤ ਯਾਦਗਾਰ ਹਾਲ ਵਿਚਲੇ ਬਜ਼ੁਰਗਾਂ ਤੋਂ ਸੁਣ ਕੇ ਆਇਆ ਹੁੰਦਾ ਹੈ ਅਤੇ ਮੈਨੂੰ ਸੁਣਾ ਦਿੰਦਾ ਹੈ। ਅਜਿਹੀਆਂ ਔਖੀਆਂ ਅਤੇ ਵੱਡੀਆਂ ਗੱਲਾਂ ਪਤਾ ਨਹੀਂ ਸੱਚ ਹੈ ਕਿ ਝੂਠ, ਮੈਨੂੰ ਨਿੱਕੀ ਜਿਹੀ ਨੂੰ ਕਰਨੀਆਂ ਚਾਹੀਦੀਆਂ ਹਨ ਕਿ ਨਹੀਂ।ਇਹ ਸਵਾਲ ਮੇਰੇ ਆਪਣੇ ਅੱਗੇ ਵੀ ਖੜ੍ਹਾ ਹੈ।

ਮੈਂ ਤਾਂ ਆਪਣੀ ਸਕੂਲ ਦੀ ਕਹਾਣੀ ਸੁਣਾਉਣੀ ਸੀ ਕਿ ਮੇਰੇ ਸਕੂਲ ਵਿਚ ਹੁਣ ਨਾ ਸਰਦੇ ਪੁੱਜਦੇ ਵਾਲਿਆਂ ਦੇ ਬੱਚੇ ਹੀ ਮੇਰੇ ਨਾਲ ਪੜ੍ਹਦੇ ਹਨ।ਉਨ੍ਹਾਂ ਦੀ ਤੇ ਮੇਰੀ ਸਾਰ ਲੈਣ ਵਾਲਾ ਬਹੁਤਾ ਕੁਝ ਹੁਣ ਬਚਿਆ ਨਹੀਂ।ਮੇਰੇ ਸਕੂਲ ਦੇ ਕਿੰਨੇ ਹੀ ਅਧਿਆਪਕ ਅਲਵਿਦਾ ਕਹਿ ਕੇ ਵਿਦੇਸ਼ਾਂ ਨੂੰ ਚਲੇ ਗਏ ਅਤੇ ਕੁਝ ਜੋ ਬਾਕੀ ਬਚੇ ਉਹ ਗਾਹੇ-ਬਗਾਹੇ ਆਉਂਦੇ ਨੇ ਅਤੇ ਆਪਣੇ ਰੈਣ ਬਸੇਰੇ ਜੋ ਉਨ੍ਹਾਂ ਨੇ ਸ਼ਹਿਰਾਂ ਵਿਚ ਬਣਾਏ ਹਨ, ਵਲ ਕੂਚ ਕਰ ਜਾਂਦੇ ਨੇ। ਮੇਰੇ ਇਕ ਅਧਿਆਪਕ ਬੜੇ ਹੀ ਚੰਗੇ ਸਨ। ਜਿਹੜੇ ਬੜੇ ਮਿਹਨਤੀ ਸੁਭਾਅ ਦੇ ਸਨ। ਉਹ ਵੀ ਮੈਨੂੰ 7ਵੀਂ ਜਮਾਤ 'ਚ ਪੜ੍ਹਦੀ ਨੂੰ ਪਤਾ ਲੱਗਿਆ ਕਿ ਉਹ ਕੈਨੇਡਾ ਕੂਚ ਕਰ ਗਏ ਨੇ। ਮੈਂ ਦੋ ਸਾਲ ਸੋਚਦੀ ਰਹੀ ਕਿ ਉਹ ਵਾਪਸ ਪਰਤਣਗੇ ਅਤੇ ਮੇਰੇ ਵਰਗੀ ਜੋ ਉਨ੍ਹਾਂ ਦੀ ਸਭ ਤੋਂ ਹੁਸ਼ਿਆਰ ਵਿਦਿਆਰਥਣ ਸੀ ਉਸ ਨੂੰ ਆ ਕੇ ਅਸ਼ੀਰਵਾਦ ਦੇਣਗੇ ਤੇ ਕਿੰਨੀ ਤੇ ਕਿੱਡੀ ਤੂੰ ਲਾਇਕ ਬਣ ਗਈ ਐਂ ਪਰ ਉਹ ਨਾ ਪਰਤੇ।ਮੈਨੂੰ ਜਾਪਿਆ ਕਿ ਉਨ੍ਹਾਂ ਦਾ ਹੁਣ ਮੇਰੇ ਸਕੂਲ ਨਾਲ ਕੋਈ ਲਗਾ ਨਹੀਂ। ਇਸ ਕਿਸਮ ਦੇ ਖੱਪੇ ਨੇ ਮੇਰੀ ਸੋਚ ਵਿਚ ਇਕ ਹੋਰ ਸਵਾਲ ਖੜ੍ਹਾ ਕਰ ਦਿੱਤਾ ਜਦੋਂ ਉਹ ਪਰਤੇ ਤਾਂ ਉਨ੍ਹਾਂ ਨੇ ਸਕੂਲ ਦੀ ਕਿਸੇ ਵੀ ਕਿਸਮ ਦੀ ਗਤੀਵਿਧੀ ਵੱਲ ਕੋਈ ਰੁਚੀ ਨਹੀਂ ਦਿਖਾਈ।ਬਲਕਿ ਉਹ ਆਪਣੇ ਭਤੀਜੇ-ਭਤੀਜੀਆਂ ਦੇ ਵੱਡੇ-ਵੱਡੇ ਰਿਸ਼ਤੇਦਾਰ ਢੂਡਣ 'ਚ ਲੱਗੇ ਅਤੇ ਉਨ੍ਹਾਂ ਦੇ ਵਿਆਹ ਕਰਕੇ ਚਲਦੇ ਬਣੇ। ਮੈਨੂੰ ਮੇਰੀ ਸਹੇਲੀ ਨੇ ਇਕ ਵਾਰੀ ਦੱਸਿਆ ਕਿ ਉਸ ਵਿਆਹ ਵਿਚ ਕਿੰਨੇ ਹੀ ਮੰਤਰੀ ਸੰਤਰੀ ਆਏ ਹੋਏ ਸਨ।ਮੈਂ ਫਿਰ ਕਿਹਾ ਕਿ ਚੰਗਾ ਹੋਇਆ ਕਿ ਸਾਡੇ ਮਾਸਟਰ ਜੀ ਦੀ ਤਰੱਕੀ ਹੋ ਗਈ ਹੈ। ਉਹ ਹੁਣ ਵੱਡਿਆਂ ਦਾ ਹਿੱਸਾ ਬਣ ਗਏ ਨੇ। ਉਨ੍ਹਾਂ ਦਾ ਸਾਨੂੰ ਭੁੱਲ ਜਾਣਾ ਜ਼ਰੂਰੀ ਹੋ ਗਿਆ ਸੀ। ਮੈਂ ਅਜਿਹੀ ਸਥਿਤੀ ਨੂੰ ਤਾਂ ਬਿਆਨ ਕਰ ਰਹੀ ਹਾਂ ਕਿਉਂਕਿ ਮੈਂ ਇਕ ਗੱਲ ਹੋਰ ਦੱਸਣਾ ਚਾਹੁੰਦੀ ਹਾਂ ਕਿ ਮੇਰੇ ਸਕੂਲ ਦੀ ਹੀ ਸਥਿਤੀ ਅਜਿਹੀ ਨਹੀਂ ਹੈ ਬਲਕਿ ਹੁਣ ਤਾਂ ਹਰ ਰੋਜ਼ ਸਾਡੇ ਪਿੰਡ ਦੀ ਪੰਚਾਇਤ ਥਾਣੇ ਹਾਜ਼ਰੀ ਲਵਾਉਣ ਜਾਂਦੀ ਹੈ ਅਤੇ ਕੋਈ ਨਾ ਕੋਈ ਝਗੜਾ ਜਿਸ ਦਾ ਕਾਰਨ ਪਿੰਡ ਦੇ ਪਹੇ ਵਿਚ ਖੁੱਲ੍ਹਿਆ ਠੇਕਾ ਬਣ ਜਾਂਦਾ ਹੈ। ਮੇਰੇ ਚਾਚੇ ਤਾਏ ਵੀ ਹਰ ਰੋਜ਼ ਇਸ ਠੇਕੇ ਦੀ ਹਾਜ਼ਰੀ ਭਰਦੇ ਨੇ ਅਤੇ ਘਰਾਂ ਨੂੰ ਉਥੋਂ ਮੁੱਲ ਦਾ ਕਲੇਸ਼ ਲੈ

ਆਉਂਦੇ ਨੇ। ਹੌਲੀ ਹੌਲੀ ਸਾਡੀ ਜ਼ਮੀਨ ਮੇਰੇ ਚਾਚੇ ਤਾਇਆਂ ਦਾ ਭਾਰ ਝੱਲਣ ਤੋਂ ਵੀ ਆਰੀ ਹੋ ਗਈ ਹੈ। ਕਿੰਨੇ ਹੀ ਮੇਰੇ ਆਂਢੀਆਂ-ਗੁਆਂਢੀਆਂ ਦੇ ਘਰਾਂ ਵਿਚ ਕਲੇਸ਼ ਰੋਜ਼ਮਰਾਂ ਦਾ ਹਿੱਸਾ ਬਣ ਗਿਆ ਹੈ। ਹੁਣ ਤਾਂ ਮੇਰੇ ਚਾਚੇ ਅਤੇ ਤਾਇਆਂ ਨੂੰ ਛੇ ਮਹੀਨੇ ਮੌਜਾਂ ਹੋਣ ਵਾਲੀਆਂ ਨੇ। ਜਿਨ੍ਹਾਂ ਨੇ ਪੰਜ ਸਾਲ ਸਾਡੇ 'ਤੇ ਰਾਜ ਕਰਨਾ ਹੈ ਉਨ੍ਹਾਂ ਨੇ ਹੁਣ ਪਿੰਡ ਦੀਆਂ ਬਾਰ੍ਹਾਂ ਨੂੰ ਜਾਤਾਂ, ਧਰਮਾਂ, ਮਜ਼੍ਹਬਾਂ ਅਤੇ ਭਾਈਚਾਰਿਆਂ ਵਿਚ ਵੰਡਣਾ ਸ਼ੁਰੂ ਕਰ ਦੇਣਾ ਹੈ। ਇਸ ਵੰਡ ਵਿਚ ਸਾਡੇ ਬਾਬੇ, ਸਾਧ ਸੰਤ ਵੀ ਆਪਣਾ ਯੋਗਦਾਨ ਪਾਉਣਗੇ। ਪਿੰਡ ਦੀ ਰੂਹ ਬਦਲਣ ਦੇ ਸੁਪਨੇ ਦਿਖਾਏ ਜਾਣਗੇ ਪਰ ਮੈਂ ਜਦੋਂ ਤੋਂ 6ਵੀਂ ਤੋਂ 9ਵੀਂ ਤੱਕ ਪਹੁੰਚੀ ਹਾਂ ਹਰ ਰੋਜ਼ ਮੇਰੇ ਪਿੰਡ ਦਾ ਅਤੇ ਮੇਰਾ ਸੁਪਨਾ ਚਕਨਾਚੂਰ ਹੋਇਆ। ਮੇਰੇ ਅੰਕਲ ਅਤੇ ਅੰਟੀਆਂ ਮੈਂ ਤੁਹਾਨੂੰ ਇਹ ਕਹਾਣੀ ਆਪਣੇ ਕਿਸੇ ਨਿੱਜ ਵਾਸਤੇ ਨਹੀਂ ਸੁਣਾ ਰਹੀ ਮੈਨੂੰ ਲੱਗਦਾ ਹੈ ਕਿ ਤੁਸੀਂ ਜਿਹੜੇ ਆਪਣੇ ਰਿਜ਼ਕ ਲਈ ਦੇਸ-ਵਿਦੇਸਾਂ ਵਿਚ ਰੈਣ ਬਸੇਰੇ ਬਣਾ ਕੇ ਆਪਣਾ ਜੀਵਨ ਬਸਰ ਕਰ ਰਹੇ ਹੋ ਇਸ ਗੱਲ ਦਾ ਜ਼ਰੂਰ ਖਿਆਲ ਰੱਖਿਓ ਕਿ ਤੁਸੀਂ ਅਤੇ ਤੁਹਾਡਾ ਪੈਸੇ ਕਿਸੇ ਤਰ੍ਹਾਂ ਨਾਲ ਵੀ ਮੇਰੇ ਪਿੰਡ ਦੀ ਵਿੰਗੀ ਟੇਢੀ ਚਲ ਰਹੀ ਏਕਤਾ ਨੂੰ ਭੰਗ ਨਾ ਕਰ ਦੇਵੇ ਅਤੇ ਇਕ ਨਵੇਂ ਪ੍ਰੰਤੂ ਪੁਰਾਣੇ ਹੀ ਸੁਪਨੇ ਵਿਚ ਤੁਹਾਨੂੰ ਲੀਨ ਨਾ ਕਰ ਲਵੇ। ਮੈਂ ਨਹੀਂ ਚਾਹੁੰਦੀ ਕਿ ਅਜੇ ਹੋਰ ਮੈਨੂੰ ਪੜ੍ਹਦੀ ਨੂੰ ਹੀ ਚਲ ਰਹੀ ਰਾਜਨੀਤੀ ਦਾ ਸ਼ਿਕਾਰ ਹੋਣਾ ਪੈ ਜਾਵੇ ਕਿਉਂਕਿ ਇਨ੍ਹਾਂ ਦਿਨਾਂ ਵਿਚ ਮੇਰੇ ਘਰ ਵਿਚ ਮੈਨੂੰ ਪਤਾ ਕਿ ਹੋਰ ਕਲੇਸ਼ ਵਧੇਗਾ ਕਿਉਂਕਿ ਵੋਟਾਂ ਵਾਲੇ ਡੱਬੇ ਰੋਜ਼ ਮੇਰੇ ਪਿੰਡ ਦੀ ਜੂਹ ਨੂੰ ਖਰਾਬ ਕਰ ਦੇਣਗੇ।

ਮੇਰੇ ਪਿਆਰੇ ਅੰਕਲ ਅਤੇ ਅੰਟੀਓ ਮੈਂ ਤੁਹਾਨੂੰ ਤੁਹਾਡੇ ਪੁਰਖਿਆਂ ਦੀ ਇਕ ਗੱਲ ਸੁਣਾਉਣਾ ਚਾਹੁੰਦੀ ਹਾਂ ਜੋ ਮੇਰੇ ਦਾਦਾ ਜੀ ਦੱਸਦੇ ਨੇ ਕਿ ਜਿੰਨੇ ਚੰਗੇ ਮਾਸਟਰ/ਡਾਕਟਰ/ਐਗਰੀਕਲਚਰ ਇੰਸਪੈਕਟਰ/ ਇੰਜੀਨੀਅਰ/ਪੰਚ-ਸਰਪੰਚ ਸਨ ਉਹ ਸਭ ਹੁਣ ਜੋ ਵਿਦੇਸ਼ਾਂ ਵਿਚ ਰਹਿ ਰਹੇ ਹਨ ਉਹ ਜਦੋਂ ਇਥੇ ਪਿੰਡ ਵਿਚ ਹੁੰਦੇ ਸਨ ਤਾਂ ਪਿੰਡ ਦੀ ਹਵਾ ਦਾ ਰੁਖ ਹੀ ਹੋਰ ਹੁੰਦਾ ਸੀ। ਉਹ ਇਕ ਦੂਸਰੇ ਨਾਲ ਇਸ ਤਰ੍ਹਾਂ ਦੀ ਸਾਂਝ ਪਾਲਦੇ ਸੀ ਕਿ ਪਿੰਡ ਦੀ ਤਰੱਕੀ ਸਾਡੀ ਤਰੱਕੀ ਨਾਲ ਜੁੜੀ ਹੋਈ ਹੈ। ਉਹ ਪੜ੍ਹਨ ਵਿਚ ਐਨੇ ਲੀਨ ਹੁੰਦੇ ਸਨ ਕਿ ਪਤਾ ਲਗਦਾ ਸੀ ਕਿ ਇਹ ਨੇ ਸਾਡੇ ਪਿੰਡ ਦੇ ਪੜ੍ਹੇ ਲਿਖੇ ਸੱਜਣ ਜੋ ਭਵਿੱਖ ਵਿਚ ਸਾਡੇ ਪਿੰਡ ਦਾ ਨਾਂ ਉਚਾ ਕਰਨਗੇ। ਉਨ੍ਹਾਂ ਦੀ ਕਹਾਣੀ ਮੈਨੂੰ ਅੱਜ ਵੀ ਪ੍ਰੇਰਦੀ ਹੈ। ਮੈਂ ਤੁਹਾਡੇ ਨਾਲ ਇਸ ਕਰਕੇ ਹੀ ਗੱਲਾਂ ਕਰ ਰਹੀ ਹਾਂ ਕਿ ਤੁਹਾਡੀਆਂ ਪ੍ਰਾਪਤੀਆਂ ਅੱਜ ਵੀ ਮੇਰੇ ਪਿੰਡ ਦੇ ਇਤਿਹਾਸ ਦਾ ਹਿੱਸਾ ਹਨ। ਮੇਰੇ ਦਾਦਾ ਜੀ ਇਹ ਵੀ ਦੱਸਦੇ ਨੇ ਕਿ ਪਿੰਡ ਵਿਚ ਸਰਬਤ ਦਾ ਭਲਾ ਗੁਰਦੁਆਰੇ ਦੀ ਗੁਰਬਾਣੀ ਰਾਹੀਂ ਹੀ ਮੰਗਿਆ ਜਾਂਦਾ ਸੀ। ਰੋਜ਼ ਸੁਭਾ ਸਵੇਰੇ ਲੋਕ ਗੁਰਬਾਣੀ ਨੂੰ ਸੁਣਦੇ ਸਨ ਅਤੇ ਆਪਣੇ ਕੰਮਾਂ ਧੰਦਿਆਂ ਨੂੰ ਚਲ ਪੈਂਦੇ ਸਨ। ਉਸ ਵੇਲੇ ਇਨ੍ਹਾਂ ਸਾਧਾਂ ਸੰਤਾਂ ਦਾ ਪਿੰਡ ਉਪਰ ਕਿਸੇ ਕਿਸਮ ਦਾ ਕੋਈ ਛਾਇਆ ਨਹੀਂ ਸੀ। ਉਦੋਂ ਕੋਈ ਵੀ ਜੋਤਿਸ਼ੀ ਪਿੰਡ ਦੀ ਭਵਿੱਖਬਾਣੀ ਲਈ ਨਹੀਂ ਸੀ ਸੱਦਿਆ ਜਾਂਦਾ। ਲੋਕ ਆਪਣੀ ਭਵਿੱਖਬਾਣੀ ਆਪਣੇ ਕੀਤੇ ਕੰਮਾਂ 'ਚੋਂ ਹੀ ਬਣਾਉਂਦੇ ਸਨ। ਮੈਂ ਹੁਣ ਸੋਚਦੀ ਹਾਂ ਕਿ ਜਦੋਂ ਇਹ ਡਾਇਨਾਸੋਰ ਵਰਗੇ ਮੇਰੇ ਦਾਦਾ ਜੀ ਅਤੇ ਉਸ ਉਮਰ ਦੇ ਹੋਰ ਬਜ਼ੁਰਗ ਅਕਾਲ ਚਲਾਣਾ ਕਰ ਜਾਣਗੇ ਮੇਰੇ ਪਿੰਡ ਦਾ ਇਤਿਹਾਸ ਕੁਝ ਸਮੇਂ ਬਾਅਦ ਲੋਕ ਭੁੱਲ ਜਾਣਗੇ। ਜੋ ਇਤਿਹਾਸ ਮੇਰੇ ਵਰਗੀ ਨੂੰ ਸਿੱਖਿਆ ਸਿਖਾਇਆ ਮੇਰੇ ਅਜੋਕੇ ਤਾਏ ਚਾਚਿਆਂ 'ਚੋਂ ਮਿਲੇਗਾ ਜਿਨ੍ਹਾਂ ਦਾ ਸਫ਼ਰ ਸਿਰਫ਼ ਸਕੂਲ ਦੇ ਨੇੜੇ ਖੁੱਲ੍ਹੇ ਠੇਕੇ ਤੱਕ ਹੈ। ਇਸ ਸਫ਼ਰ ਵਿਚ ਮੇਰਾ ਪਿੰਡ ਦਾ ਇਤਿਹਾਸ ਬੜਾ ਬੌਣਾ ਅਤੇ ਛੋਟਾ ਹੋਵੇਗਾ।

ਮੇਰੇ ਅੰਕਲ ਤੇ ਅੰਟੀਓ ਇਹ ਮੇਰਾ ਤੁਹਾਡੇ ਨਾਲ ਗਿਲਾ ਹੈ ਕਿ ਤੁਸੀਂ ਏਨੀ ਸ਼ਾਨਦਾਰ ਦੁਨੀਆ ਨੂੰ ਆਪਣੀਆਂ ਅੱਖਾਂ ਨਾਲ ਵੇਖ ਲਿਆ ਹੈ ਕਿ ਉਸ ਦਾ ਕਾਫ਼ੀ ਹਿੱਸਾ ਤੁਸੀਂ ਮਾਣ ਲਿਆ ਹੈ। ਤੁਹਾਡੀ ਸੋਝੀ ਵੀ ਵਿਕਸਿਤ ਹੋ ਗਈ ਹੈ ਪਰ ਫਿਰ ਵੀ ਕਿਉਂ ਤੁਸੀਂ ਜਦੋਂ ਮੇਰੇ ਪਿੰਡ ਪਰਤਦੇ ਹੋ, ਤੁਹਾਡੇ 'ਚੋਂ ਕੁਝ ਹਿੱਸੇ ਏਨੀਆਂ ਵੱਡੀਆਂ ਗੱਡੀਆਂ ਆਪਣੇ ਪਰਿਵਾਰਾਂ ਨੂੰ ਖਰੀਦ ਕੇ ਦੇ ਦਿੰਦੇ ਹੋ। ਵਿਆਹਾਂ ਉਪਰ ਲੱਖਾਂ ਰੁਪਏ ਉਜਾੜ ਦਿੰਦੇ ਹੋ। ਆਪਣੀ ਪਤਾ ਨਹੀਂ ਕਿਹੜੀ ਹਉਮੈ ਨੂੰ ਪੱਠੇ ਪਾਉਣ ਲਈ ਵੱਡੀਆਂ ਕੋਠੀਆਂ ਦੀ ਸਿਰਜਨਾ ਕਰਦੇ ਹੋ। ਵੱਡੀਆਂ ਰਾਜਨੀਤਕ ਪਾਰਟੀਆਂ ਦੇ ਨੇਤਾਵਾਂ ਨੂੰ ਇਧਰ ਤੇ ਉਧਰ ਦਾਅਤਾਂ ਦਿੰਦੇ ਹੋ। ਮੈਨੂੰ ਇੰਝ ਲਗਦਾ ਹੈ ਕਿ ਤੁਸੀਂ ਜਿਨ੍ਹਾਂ ਤੋਂ ਭਵਿੱਖ ਨੂੰ ਕੁਝ ਆਸ ਬੱਝਦੀ ਸੀ ਉਹ ਵੀ ਵੱਡਿਆਂ ਦੇ ਚੱਕਰਾਂ 'ਚ ਆਪਣੇ ਆਪ ਦਾ ਇਤਿਹਾਸ ਗਵਾ ਬੈਠੇ ਹੋ।

ਮੈਨੂੰ ਇਸ ਸਮੁੱਚੀ ਸਮਝਦਾਰੀ ਪ੍ਰਤੀ ਚੇਤਨਤਾ ਕਿਉਂ ਵਿਕਸਤ ਹੋਈ ਇਸ ਦਾ ਕਾਰਨ ਇਹ ਹੈ ਕਿ ਹਰਪ੍ਰੀਤ ਕੌਰ ਮੇਰੀ ਸਹੇਲੀ ਜੋ ਇਕ ਦਿਨ ਬੈਂਚ ਤੋਂ ਡਿੱਗ ਪਈ ਸੀ ਉਸ ਦੀ ਅੱਖ ਵਿਚ ਸੱਟ ਵੱਜੀ ਪਹਿਲਾਂ ਅਸੀਂ ਪਿੰਡ ਦੇ ਹਸਪਤਾਲ 'ਚ ਗਏ, ਉਥੇ ਕੋਈ ਵੀ ਡਾਕਟਰ ਨਹੀਂ ਸੀ ਫਿਰ ਅਸੀਂ ਨੇੜੇ ਦੇ ਸ਼ਹਿਰ ਚਲੇ ਗਏ, ਉਥੇ ਪ੍ਰਾਈਵੇਟ ਹਸਪਤਾਲ ਵਾਲਿਆਂ ਨੇ ਦੇਖਣ ਦੇ ਹੀ ਐਨੇ ਪੈਸੇ ਮੰਗੇ ਅਸੀਂ ਉਥੋਂ ਬੇਰੰਗ ਸਰਕਾਰੀ ਸ਼ਹਿਰ ਦੇ ਹਸਪਤਾਲ ਵਿਚ ਚਲੇ ਗਏ ਉਥੇ ਅੱਖਾਂ ਦਾ ਕੋਈ ਵੀ ਮਾਹਿਰ ਡਾਕਟਰ ਨਹੀਂ ਸੀ। ਐਵੇਂ ਹੀ ਇਕ ਫਾਰਮਾਸਿਸਟ ਨੇ ਦਵਾਈ ਦੇ ਦਿੱਤੀ ਕਝ ਸਮੇਂ ਬਾਅਦ ਮੇਰੀ ਸਹੇਲੀ ਹਰਪ੍ਰੀਤ ਦੀ ਅੱਖ ਵਿਚ ਇਸ ਕਿਸਮ ਦਾ ਕਜ ਪੈ ਗਿਆ ਕਿ ਉਸ ਨੂੰ ਘੱਟ ਦਿਖਾਈ ਦੇਣ ਲੱਗਾ। ਮੈਨੂੰ ਇਸ ਘਟਨਾ ਤੋਂ ਬਾਅਦ ਇੰਝ ਜਾਪਿਆ ਕਿ ਸ਼ਾਇਦ ਸਾਡੀਆਂ ਅੱਖਾਂ ਵਿਚ ਟੀਰ ਪਾਏ ਜਾ ਰਹੇ ਹਨ ਤਾਂ ਕਿ ਸਾਨੂੰ ਸਿੱਧੀ ਤਸਵੀਰ ਸਮਝ ਨਾ ਆਵੇ। ਮੈਨੂੰ ਨਹੀਂ ਪਤਾ ਕਿ ਮੇਰੇ ਵਿਦੇਸ਼ਾਂ ਵਿਚ ਬੈਠੇ ਅੰਕਲ ਅੰਟੀਆਂ ਦੀਆਂ ਅੱਖਾਂ ਵਿਚ ਕਿਹੜੀ ਸਮਝਦਾਰੀ ਅਤੇ ਸੋਚ ਨੇ ਟੀਰ ਪਾ ਦਿੱਤੇ ਹਨ ਜਿਨ੍ਹਾਂ ਰਾਹੀਂ ਉਹ ਸਿਰਫ਼ ਵੱਡੇ ਅਤੇ ਉਪਰਲੇ ਪੈਸੇ ਧੇਲੇ ਵਾਲੇ ਅਤੇ ਖਪਤੀ ਸਮਾਜ ਦੇ ਸਭਿਆਚਾਰ ਵਿਚ ਲੀਨ ਹੋ ਗਏ ਹਨ।

ਮੈਨੂੰ ਫਿਰ ਵੀ ਇੰਝ ਜਾਪਦਾ ਹੈ ਕਿ ਸੁਪਨੇ ਕਦੇ ਵੀ ਛੱਡਣੇ ਨਹੀਂ ਚਾਹੀਦੇ। ਦ੍ਰਿਸ਼ ਜੋ ਧੁੰਦਲਾ ਦਿਖਾਈ ਦੇ ਰਿਹਾ ਹੈ ਉਸ ਨੂੰ ਦੇਖਣ ਵਾਲੀ ਤੀਸਰੀ ਅੱਖ ਵਿਕਸਿਤ ਕਰਨ ਦੀ ਜ਼ਰੂਰਤ ਹੈ ਜਿਸ ਰਾਹੀਂ ਹਸਪਤਾਲਾਂ ਵਾਂਗ ਬਿਮਾਰ ਹੋਏ ਪਏ ਪੰਜਾਬ ਦੇ ਪਿੰਡ ਦਾ ਕੋਈ ਇਲਾਜ ਕੀਤਾ ਜਾ ਸਕੇ। ਇਸ ਇਲਾਜ ਵਿਚ ਮੈਂ 9ਵੀਂ ਕਲਾਸ ਦੀ ਵਿਦਿਆਰਥਣ ਕੀ ਯੋਗਦਾਨ ਪਾ ਸਕਦੀ ਹਾਂ ਇਹ ਮੈਂ ਆਪਣੇ ਬੜੇ ਪੜ੍ਹੇ ਲਿਖੇ ਚੰਗੀ ਲਿਆਕਤ ਵਾਲੇ ਅੰਕਲ ਅੰਟੀਆਂ ਤੋਂ ਪੁੱਛਦੀ ਹਾਂ। ਮੈਥੋਂ ਜੇ ਕੋਈ ਵੱਡੀ ਗੱਲ ਕਹੀ ਗਈ ਹੋਵੇ ਤਾਂ ਆਪਣੀ ਛੇਵੀਂ ਕਲਾਸ ਦੀ ਉਹ ਵਿਦਿਆਰਥਣ ਕਹਿ ਕੇ ਮੁਆਫ਼ ਕਰ ਦੇਣਾ ਜਿਸ ਦਾ ਸਭ ਤੋਂ ਸ਼ਾਨਦਾਰ ਅਧਿਆਪਕ ਕੈਨੇਡਾ ਵਿਚ ਪਰਵਾਸ ਕਰ ਗਿਆ ਹੈ ਜਿਸ ਦੇ ਵਾਪਸ ਪਰਤਣ ਦੀ ਮੈਂ ਸਦਾ ਆਸ ਲਾ ਕੇ ਰੱਖਾਂਗੀ।

ਤੁਹਾਡੀ ਪਿਆਰੀ ਵਿਦਿਆਰਥਣ

ਚਨਮੀਤ

ਕਲਾਸ 9ਵੀਂ

ਸਰਕਾਰੀ ਸਕੂਲ-ਪਿੰਡ .......

- ਹਰਜੀਤ ਕੌਰ

# ਅਤੀਤ ਜੋ ਹਰੇਕ ਨੂੰ ਕਟਹਿਰੇ 'ਚ ਖੜ੍ਹਾ ਕਰਦਾ ਹੈ

ਪ੍ਰਸਿੱਧ ਵਿਦਵਾਨ ਫਰੈਡਿਕ ਐਂਗਲਜ਼ ਦਾ ਕਥਨ ਹੈ, "ਇਤਿਹਾਸ ਐਡਾ ਜਾਲਮ ਹੁੰਦਾ ਹੈ ਕਿ ਉਹ ਅਤੀਤ ਦੀਆਂ ਘਟਨਾਵਾਂ ਨੂੰ ਜਦੋਂ ਬਾਹਰ ਕੱਢ ਕੇ ਲਿਆਂਦਾ ਹੈ ਉਸ ਸਮੇਂ ਵੱਖ-ਵੱਖ ਇਤਿਹਾਸਕ ਪਾਤਰਾਂ ਨੂੰ ਚਾਹੇ ਉਹ ਦੇਵਤੇ ਹੀ ਕਿਉਂ ਨਹੀਂ ਨਾ ਹੋਣ ਉਨ੍ਹਾਂ ਨੂੰ ਵੀ ਨਸ਼ਰ ਕਰ ਦਿੰਦਾ ਹੈ।" ਇਸ ਕਥਨ ਅਨੁਸਾਰ 15 ਅਗਸਤ 1947 ਨੂੰ ਪੰਜਾਬ ਦੀ ਵੰਡ ਵੇਲੇ ਵਾਪਰੀ ਵੱਡੀ ਤਰਾਸਦੀ ਨੂੰ ਪ੍ਰਸਿੱਧ ਵਿਦਵਾਨ ਇਤਿਹਾਸਕਾਰ ਪ੍ਰੋ. ਮਨਸਿਰਗ ਨੇ ਸੱਤਾ ਪਰਿਵਰਤਨ ਦੇ 12 ਅੰਕਾਂ ਰਾਹੀਂ ਬਰਤਾਨੀਆ ਵਲੋਂ ਭਾਰਤ ਤੇ ਪਾਕਿਸਤਾਨ ਵਿਚਕਾਰ ਹੋਈ ਵੰਡ ਨੂੰ ਸਾਹਮਣੇ ਲਿਆਂਦਾ ਹੈ। ਬਰਤਾਨਵੀ ਪ੍ਰਧਾਨ ਮੰਤਰੀ ਹਾਰਲ ਵਿਲਸਨ ਨੇ 1967 ਵਿਚ ਫੈਸਲਾ ਕੀਤਾ ਸੀ ਕਿ ਸੱਤਾ ਪਰਿਵਰਤਨ ਦੇ ਸਮੁੱਚੇ ਦਸਤਾਵੇਜ਼ਾਂ ਨੂੰ ਪ੍ਰਕਾਸ਼ਿਤ ਕਰ ਦਿੱਤਾ ਜਾਵੇ। ਜਿਹੜੇ ਭਾਰਤ ਵਿਚ 1999 ਵਿਚ ਪ੍ਰਕਾਸ਼ਿਤ ਹੋਏ। ਇਨ੍ਹਾਂ ਦਸਤਾਵੇਜ਼ਾਂ ਵਿਚ ਇਹ ਗੱਲ ਉਭਰਕੇ ਸਾਹਮਣੇ ਆਉਂਦੀ ਹੈ ਕਿ ਵੰਡ ਲਈ ਅਤੇ ਇੰਨੇ ਖ਼ੂਨ ਖਰਾਬੇ ਲਈ ਕੌਣ ਜ਼ਿੰਮੇਵਾਰ ਹੈ ਜਿਸ ਵਿਚ ਛੇ ਲੱਖ ਲੋਕਾਂ ਦੀਆਂ ਜਾਨਾਂ ਗਈਆਂ ਅਤੇ 14 ਲੱਖ ਲੋਕ ਘਰੋਂ ਬੇਘਰ ਹੋਏ। ਹਾਲਾਂਕਿ ਇਸ ਸਮੁੱਚੀ ਕਹਾਣੀ ਦਾ ਅਹਿਮ ਪਾਤਰ ਮਾਊਂਟ ਵੈਟਨ 14 ਮਈ 1947 ਨੂੰ ਇਹ ਐਲਾਨ ਕਰਦਾ ਹੈ ਕਿ, "ਇਥੇ ਕੋਈ ਕਿਸੇ ਕਿਸਮ ਦਾ ਖ਼ੂਨੀ ਫਸਾਦ ਨਹੀਂ ਹੋਏਗਾ, ਦੰਗੇ ਨਹੀਂ ਹੋਣਗੇ, ਮੈਂ ਖ਼ੁਦ ਇਕ ਸਿਪਾਹੀ ਹਾਂ ਮੈਂ ਕੋਈ ਆਮ ਸ਼ਹਿਰੀ ਬਾਸ਼ਿੰਦਾ ਨਹੀਂ ਹਾਂ ਜੇ ਇਕ ਵਾਰੀ ਸਿਧਾਂਤਕ ਤੌਰ 'ਤੇ ਵੰਡ ਬਾਰੇ ਫੈਸਲਾ ਹੋ ਗਿਆ ਤਾਂ ਇਥੇ ਕਿਸੇ ਕਿਸਮ ਦਾ ਫਿਰਕੂ ਫਸਾਦ ਨਹੀਂ ਹੋਵੇਗਾ। ਮੈਂ ਕਿਸੇ ਕਿਸਮ ਦੀ ਪੁਲਿਸ ਤਾਕਤ ਨੂੰ ਨਹੀਂ ਵਰਤਾਂਗਾ ਬਲਕਿ ਮੈਂ ਮਿਲਟਰੀ ਅਤੇ ਹਵਾਈ ਫੌਜ ਨੂੰ ਉਦੇਸ਼ ਦਿਆਂਗਾ ਕਿ ਉਹ ਜਿਥੇ ਕਿਤੇ ਵੀ ਕੋਈ ਫਸਾਦ ਹੁੰਦਾ ਹੈ ਉਸ ਨੂੰ ਇਕ ਦਮ ਦਬਾ ਦੇਣ।" ਇਸ ਕਿਸਮ ਦਾ ਐਲਾਨ ਕਰਨ ਵਾਲਾ ਵਾਇਸਰਾਏ ਲਾਰਡ ਮਾਊਂਟ ਵੈਟਨ ਹਕੀਕਤ ਵਿਚ ਵੰਡ ਸਮੇਂ ਕਿਸ ਕਿਸਮ ਦੀ ਭੂਮਿਕਾ ਨਿਭਾਉਂਦਾ ਹੈ ਇਸ ਗੱਲ ਦਾ ਖੁਲਾਸਾ ਸੱਤਾ ਪਰਿਵਰਤਨ ਦੇ ਦਸਤਾਵੇਜ਼ਾਂ ਵਿਚ ਦਰਜ ਕੀਤਾ ਗਿਆ ਹੈ। ਪੰਨਾ ਨੰ. 189-190 ਵਿਚ ਮੌਲਾਨਾ ਅਬਦੁਲ ਆਜ਼ਾਦ ਦੇ ਮਈ 1947 ਦੇ ਸ਼ਬਦ ਹਨ ਕਿ ਮੈਂ ਪਹਿਲਾਂ ਮਾਊਂਟ ਵੈਸਟ ਨੂੰ ਇਹ ਸ਼ਬਦ ਕਹੇ ਸਨ, "ਜੇ ਅਜਿਹੇ ਹਾਲਾਤ ਵਿਚ ਦੇਸ਼ ਦੀ ਵੰਡ ਹੁੰਦੀ ਹੈ ਤਾਂ ਖਦਸ਼ਾ ਹੈ ਕਿ ਇਥੇ ਖ਼ੂਨ ਦੇ ਦਰਿਆ ਬਹਿ ਜਾਣਗੇ ਤੇ ਜਿਸ ਲਈ ਬਰਤਾਨਵੀ ਹੁਕਮਰਾਨ ਜ਼ਿੰਮੇਵਾਰ ਹੋਣਗੇ।" ਉਨ੍ਹਾਂ ਅੱਗੇ ਕਿਹਾ ਲਾਰਡ ਮਾਊਂਟ ਵੈਟਨ ਨੇ ਇਕਦਮ ਜਵਾਬ ਦਿੱਤਾ, "ਇਥੇ ਕਿਸੇ ਕਿਸਮ ਦਾ ਦੰਗਾ ਫਸਾਦ ਨਹੀਂ ਹੋਏਗਾ। ਹਰ ਘਟਨਾ ਨੂੰ ਜਲਦੀ ਨਾਲ ਦਬਾਅ ਦਿੱਤਾ ਜਾਵੇਗਾ।" ਜੇ ਇਨ੍ਹਾਂ ਦਸਤਾਵੇਜ਼ਾਂ ਦੇ ਮਈ 23 1947 ਕੈਬਨਿਟ ਕਮੇਟੀ ਦੇ ਮਿੰਟਸ ਦੇਖੇ ਜਾਣ ਤਾਂ ਉਨ੍ਹਾਂ ਵਿਚ ਸਪਸ਼ਟ ਦਰਜ ਕੀਤਾ ਗਿਆ ਹੈ, "ਇਹ ਸੰਭਵ ਹੈ ਕਿ ਜੇ ਵੰਡ ਦੇ ਸਮੇਂ ਕਿਸੇ ਨਾ ਕਿਸੇ ਕਿਸਮ ਦੀ ਸਹੀ ਵੰਡ ਨਾ ਕੀਤੀ ਗਈ ਤਾਂ ਪੰਜਾਬ ਦੇ ਵੱਖ-ਵੱਖ ਖੇਤਰਾਂ ਵਿਚ ਬੜਾ ਭਿਆਨਕ ਕਿਸਮ ਦਾ ਵਰਤਾਰਾ ਵਾਪਰ ਸਕਦਾ ਹੈ।"

ਇਨ੍ਹਾਂ ਦਸਤਾਵੇਜ਼ਾਂ ਦੇ ਵਿਚ ਲਗਾਤਾਰ 6 ਅਗਸਤ 1947 ਤੋਂ ਲੈ ਕੇ 15 ਅਗਸਤ 1947 ਤੱਕ ਇਸ ਕਿਸਮ ਦੇ ਵਿਰੋਧਾਭਾਸ ਵਾਲੇ ਪਹਿਲੂ ਦਰਜ ਹਨ ਜਿਨ੍ਹਾਂ ਤੋਂ ਸਪਸ਼ਟ ਝਲਕ ਮਿਲਦੀ ਹੈ ਕਿ ਸੱਤਾ ਪਰਿਵਰਤਨ ਲਈ ਬਰਤਾਨਵੀ ਕਿਸ ਕਿਸਮ ਦੇ ਵਿਰੋਧਾਭਾਸ ਵਿਚ ਫਸੇ ਹੋਏ ਸਨ। ਇਨ੍ਹਾਂ ਦਸਤਾਵੇਜ਼ਾਂ ਰਾਹੀਂ ਭਾਰਤ ਦੀ ਉਹ ਰਾਜਨੀਤਕ ਸਥਿਤੀ ਦਾ ਅੰਦਾਜ਼ਾ ਲਗਦਾ ਹੈ ਕਿ ਕਿਸ ਕਿਸਮ ਨਾਲ ਬਸਤੀਵਾਦੀ ਹੁਕਮਰਾਨਾ ਨੇ ਇਸ ਤਰਾਸਦੀ ਨੂੰ ਵਧਣ ਫੁੱਲਣ ਲਈ ਸਮਾਂ ਦਿੱਤਾ। ਅਜੇ ਵੀ ਅਸੀਂ ਇਤਿਹਾਸ ਤੋਂ ਕੁਝ ਵੀ ਨਹੀਂ ਸਿੱਖ ਰਹੇ। ਕਿਸੇ ਨਾ ਕਿਸੇ ਰੂਪ ਵਿਚ ਜਦੋਂ ਦੇਸ਼ ਦੇ ਅੰਦਰੂਨੀ ਮਸਲੇ ਸਮਝਾਉਣ ਤੇ ਸੁਲਝਾਉਣ ਦੀ ਸਾਡੀ ਸਮਰਥਾ ਕਮਜ਼ੋਰ ਹੁੰਦੀ ਜਾਂਦੀ ਹੈ ਉਸ ਸਮੇਂ ਅਸੀਂ ਗੁਆਂਢੀ ਨੂੰ ਦੋਸ਼ੀ ਮੰਨਣ ਲੱਗ ਜਾਂਦੇ ਹਾਂ। ਦੋਵਾਂ ਪੰਜਾਬਾਂ ਦੀ ਵੰਡ ਨੇ ਕਈ ਕਿਸਮ ਦਾ ਤਰਾਸਦਿਕ ਸਾਹਿਤ ਦੋਹਾਂ ਪਾਸਿਆਂ ਦੇ ਲੇਖਕਾਂ ਨੂੰ ਲਿਖਣ ਲਈ ਪ੍ਰੇਰਿਆ ਹੈ। ਕਈ ਵਾਰੀ ਸਾਨੂੰ ਸ਼ਾਇਰਾ ਅੰਮ੍ਰਿਤਾ ਪ੍ਰੀਤਮ ਦੀ ਇਹ ਲਾਈਨ ਅਕਸਰ ਯਾਦ ਆਉਂਦੀ ਹੈ,

**ਅੱਜ ਆਖਾਂ ਵਾਰਸ਼ ਸ਼ਾਹ ਨੂੰ, ਕਿਤੇ ਕਬਰਾਂ ਵਿਚੋਂ ਬੋਲ**
**ਇਕ ਰੋਈ ਸੀ ਧੀ ਭੈਣ ਪੰਜਾਬ ਦੀ, ਤੂੰ ਲਿਖ-ਲਿਖ ਮਾਰੇ ਵੈਣ**
**ਅੱਜ ਲੱਖਾਂ ਧੀਆਂ ਰੋਂਦੀਆਂ, ਵਾਰਸ਼ ਸ਼ਾਹ ਨੂੰ ਕਹਿਣ।**

ਇਸੇ ਲੜੀ ਤੇ ਕੜੀ ਵਿਚ ਹੋਰ ਕਿੰਨੇ ਲੇਖਕਾਂ ਨੇ ਸਾਹਿਤ ਦੀ ਸਿਰਜਨਾ ਕੀਤੀ ਹੈ। ਪ੍ਰੰਤੂ ਬਹੁਤ ਘੱਟ ਹਿੱਸੇ ਨੇ ਜਿਨ੍ਹਾਂ ਨੇ ਉਸ ਵੇਲੇ ਦੀ ਰਾਜਨੀਤੀ ਵਿਸ਼ੇਸ਼ ਕਰਕੇ ਮਾਊਂਟ ਵੈਟਨ ਦੀ ਅਸਲ ਸਮਝਦਾਰੀ ਨੂੰ ਪ੍ਰਤੀਬਿੰਬਤ ਕੀਤਾ ਹੋਵੇ। ਵੰਡ ਦੇ ਸਵਾਲ 'ਤੇ ਇਨ੍ਹਾਂ ਦਸਤਾਵੇਜ਼ਾਂ ਵਿਚ ਸਪਸ਼ਟ ਦਰਜ ਕੀਤਾ ਗਿਆ ਹੈ ਕਿ ਸਿਰਫ਼ ਭਾਰਤ 'ਚੋਂ ਸ਼ਾਂਤਮਈ ਢੰਗ ਨਾਲ ਆਪਣੀ ਵਿਦਾਇਗੀ ਲੈਣ ਦੇ ਸਮੁੱਚੇ ਪ੍ਰੋਗਰਾਮ ਵਿਚ ਇਹ ਹੁਕਮਰਾਨ ਲੀਨ ਸਨ। ਇਨ੍ਹਾਂ ਦਸਤਾਵੇਜ਼ਾਂ ਨੇ ਸਪਸ਼ਟ ਕੀਤਾ ਹੈ ਕਿ ਕਿਸੇ ਕਿਸਮ ਦਾ ਵੀ ਉਹ ਸਰੋਕਾਰ ਇਨ੍ਹਾਂ ਵਿਚ ਦਰਜ ਨਹੀਂ ਸੀ ਜਿਸ ਦੇ ਜ਼ਰੀਏ ਅਸੀਂ ਇਹ ਕਹਿ ਸਕੀਏ ਕਿ ਹੋਣੀ ਟਾਲੀ ਨਹੀਂ ਜਾ ਸਕਦੀ ਸੀ। ਇਸ ਸਭ ਤੋਂ ਵੱਡੀ 20ਵੀਂ ਸਦੀ ਦੀ ਮਨੁੱਖੀ ਤਰਾਸਦੀ 'ਚੋਂ ਸ਼ਾਇਦ ਅਜੇ ਇਤਿਹਾਸਕਾਰਾਂ ਨੇ ਬਹੁਤ ਕੁਝ ਸਿੱਖਣਾ ਹੈ। ਇਨ੍ਹਾਂ ਅਹਿਮ ਦਸਤਾਵੇਜ਼ਾਂ ਵਿਚ ਉਹ ਸਾਰੀਆਂ ਰਿਪੋਰਟਾਂ, ਚਿੱਠੀ ਪੱਤਰ ਅਤੇ ਅਦਾਨ-ਪ੍ਰਦਾਨ ਸ਼ਾਮਲ ਹਨ ਜਿਨ੍ਹਾਂ ਰਾਹੀਂ ਇਤਿਹਾਸ ਦੇ ਉਨ੍ਹਾਂ ਸਮਿਆਂ ਦਾ ਪਤਾ ਲੱਗਦਾ ਹੈ ਕਿ ਹੁਕਮਰਾਨ ਕਿਸ ਕਿਸਮ ਨਾਲ ਆਪਣੀਆਂ ਨਿੱਜੀ ਲਾਲਸਾਵਾਂ ਦੀ ਪੂਰਤੀ ਲਈ ਮਾਨਵਤਾ ਦਾ ਘਾਣ ਕਰ ਦਿੰਦੇ ਹਨ।

ਸਾਡੀ ਸਮੁੱਚੀ ਸਮਝਦਾਰੀ ਵਿਚ ਅਜੇ ਇਤਿਹਾਸ ਨੂੰ ਵਾਚਨ, ਪੜ੍ਹਨ ਅਤੇ ਉਨ੍ਹਾਂ ਤੋਂ ਸਬਕ ਸਿੱਖਣ ਦੀ ਜਗਿਆਸਾ ਉਤਪੰਨ ਨਹੀਂ ਹੋਈ ਹੈ। ਅਜੇ ਵੀ ਅਸੀਂ ਇਤਿਹਾਸ ਦੀ ਹਕੀਕਤ ਨੂੰ ਸਮਝਣ ਤੋਂ ਕੋਹਾਂ ਦੂਰ ਹਾਂ। ਹੁਣ ਤਾਂ ਸਥਿਤੀ ਹੋਰ ਵੀ ਵੱਧ ਤੋਂ ਬਦਤਰ ਹੋ ਰਹੀ ਹੈ ਜਦੋਂ ਬੜੀ ਆਸਾਨੀ ਨਾਲ ਇਕ ਹਿੱਸੇ ਤੋਂ ਦੂਜੇ ਹਿੱਸੇ ਦੇ ਖਿਲਾਫ਼ ਮੀਡੀਆ ਰਾਹੀਂ ਗਲਤ ਪ੍ਰਚਾਰ ਪ੍ਰਸਾਰ ਕੀਤਾ ਜਾ ਸਕਦਾ ਹੈ। ਇਸ ਨਾਲ ਆਪਸੀ ਲੋਕਾਂ ਦੀ ਕੁੜੱਤਣ ਵਧਦੀ ਹੈ। ਭਾਈਚਾਰਕ ਸਾਂਝ ਵੱਲ ਨੂੰ ਵਧਦੇ ਕਦਮਾਂ ਵਿਚ ਰੁਕਾਵਟ ਆਉਂਦੀ ਹੈ। ਹਾਲਾਂਕਿ ਆਪਣੇ ਆਪ ਨੂੰ ਅਸੀਂ ਵਿਸ਼ਵ ਪੱਧਰ ਦੀ ਸਮਝਦਾਰੀ ਅਤੇ ਸੋਚ ਦਾ ਅੰਗ ਸਮਝਦੇ ਹਾਂ। ਸਹੀ ਰੂਪ ਵਿਚ ਦੋਵਾਂ ਪੰਜਾਬਾਂ ਦੀਆਂ ਤਰਾਸਦੀਆਂ ਤੋਂ ਸਬਕ ਸਿੱਖ ਕੇ ਇਕ ਦੂਸਰੇ ਦੇ ਭਾਸ਼ਾਈ, ਸਭਿਆਚਾਰਕ ਅਤੇ ਰਾਜਨੀਤਕ ਪਹਿਲੂਆਂ ਨੂੰ ਉਭਾਰਨ ਦੀ ਜ਼ਰੂਰਤ ਹੈ। ਇਸ ਦਿਸ਼ਾ ਵੱਲ ਸਹੀ ਕਦਮ ਪੁੱਟਣ ਲਈ ਸੱਤਾ ਪਰਿਵਰਤਨ ਦੇ ਇਨ੍ਹਾਂ ਮੁੱਲਵਾਨ 12 ਅੰਕਾਂ ਨੂੰ ਧਿਆਨ ਨਾਲ ਵਾਚਣ ਦੀ ਜ਼ਰੂਰਤ ਹੈ।

**ਕਿਤਾਬ ਜੋ ਬੋਲਦੀ ਹੈ** — ਬਲਜਿੰਦਰ ਸਿੰਘ

# ਸਮਾਜਿਕ ਸਦਮਿਆਂ ਦਾ ਸਿਧਾਂਤ

**ਕੈਨੇਡੀਅਨ ਲੇਖਿਕਾ ਨੈਓਮੀ ਕਲੇਨ ਨੇ ਇਤਿਹਾਸ ਦੀ ਅਜੋਕੀ ਹੋਣੀ ਅਤੇ ਅਣਹੋਣੀ ਨੂੰ ਆਪਣੀ ਕਿਤਾਬ 'The Shock Doctrine, The Rise of Disaster Capitalism' ਵਿਚ ਦਰਜ ਕੀਤਾ ਹੈ। ਇਸ ਕਿਤਾਬ ਦਾ ਅਨੁਵਾਦ ਦੁਨੀਆਂ ਦੀਆਂ ਤੀਹ ਤੋਂ ਵੱਧ ਭਾਸ਼ਾਵਾਂ ਵਿਚ ਹੋਇਆ ਹੈ। ਪੰਜਾਬ ਵਿਚ ਇਸ ਦਾ ਅਨੁਵਾਦ 'ਸਦਮਾ ਸਿਧਾਂਤ' ਤਬਾਹੀਪਸੰਦ ਸਰਮਾਏਦਾਰੀ ਦਾ ਉਭਾਰ ਹੈ। ਇਸ ਕਿਤਾਬ ਰਾਹੀਂ ਪੰਜਾਬ ਦੀ ਸਮਾਜਿਕ ਮਸਲਿਆਂ ਪ੍ਰਤੀ ਜਾਗਰੂਕਤਾ ਵਿਕਸਿਤ ਹੋਣ ਦੀ ਕਾਫ਼ੀ ਸੰਭਾਵਨਾ ਹੈ।**



ਨੈਓਮੀ ਕਲੇਨ ਦੀ ਕਿਤਾਬ ਦਾ ਪੰਜਾਬੀ ਵਿਚ ਅਨੁਵਾਦ ਹੋਣਾ ਪੰਜਾਬੀ ਅਤੇ ਪੰਜਾਬੀਅਤ ਦਾ ਧਨਭਾਗ ਸਮਝਿਆ ਜਾਣਾ ਚਾਹੀਦਾ ਹੈ। ਨੈਓਮੀ ਕਲੇਨ ਨੇ ਜਿਸ ਜੁਅਰਤ ਅਤੇ ਸਮਝਦਾਰੀ ਨਾਲ ਅਮਰੀਕਾ ਵਲੋਂ ਦੁਨੀਆ ਦੇ ਤਮਾਮ ਮੁਲਕਾਂ ਉਪਰ ਕਾਰਪੋਰੇਟ ਸਰਮਾਏਦਾਰੀ ਦੇ ਏਜੰਡੇ ਨੂੰ ਸਮਝ ਕੇ ਉਸ ਦੇ ਪਰਖੱਚੇ ਉਡਾਏ ਹਨ। ਜਿਸ ਢੰਗ ਨਾਲ ਨੈਓਮੀ ਕਲੇਨ ਨੇ ਅਜੋਕੀ ਦੁਨੀਆ ਦੇ ਚਲਣ ਢੰਗ ਰਾਹੀਂ ਜੋ ਨੀਤੀ ਸੂਤਰ ਚਲ ਰਹੇ ਹਨ ਉਨ੍ਹਾਂ ਨੂੰ ਬੇਨਕਾਬ ਕੀਤਾ ਹੈ ਜਿਸ ਵਿਚ ਕਾਰਪੋਰੇਟ ਦੇ ਸੁਪਰ ਮੁਨਾਫਿਆਂ ਅਤੇ ਦੁਨੀਆ ਵਿਚ ਮੈਗਾ ਤਬਾਹੀਆਂ ਦਾ ਗੂੜ੍ਹਾ ਰਿਸ਼ਤਾ ਕਲੇਨ ਦਾ ਬੁਨਿਆਦੀ ਥੀਸਸ ਹੈ। ਉਹ ਇਸ ਰਾਹੀਂ ਸਮਝਾਉਂਦੀ ਹੈ ਕਿ ਕਿਸ ਤਰ੍ਹਾਂ ਸਦਮਾ ਸਿਧਾਂਤ ਕੌਮੀ ਹਿੱਤਾਂ ਦੀਆਂ ਰੋਕਾਂ ਵਿਚ ਸੰਨ੍ਹ ਲਾ ਕੇ ਖੁੜ੍ਹਾਂ ਦੇ ਅਰਥਚਾਰਿਆਂ ਨੂੰ ਬੇਰੋਕ ਅਤੇ ਬੇਲਗਾਮ ਮੰਡੀ ਦੇ ਤੌਰ 'ਤੇ ਵਿਕਸਿਤ ਕਰਦਾ ਹੈ। ਇਸ ਮੰਡੀ ਦੀ ਪੂਰਤੀ ਲਈ ਵੱਖੋ-ਵੱਖਰੇ ਦੇਸ਼ਾਂ ਵਿਚ ਆਰਥਿਕ ਅਤੇ ਸਿਆਸੀ ਸੰਕਟ ਉਤਪੰਨ ਕੀਤੇ ਗਏ ਹਨ। ਕੁਦਰਤੀਆਂ ਤਬਾਹੀਆਂ ਅਤੇ ਜੰਗਾਂ ਨੂੰ ਵੀ ਇਸ ਏਜੰਡੇ ਲਈ ਵਰਤਿਆ ਗਿਆ ਹੈ। ਵੱਖ-ਵੱਖ ਦੇਸ਼ਾਂ ਵਿਚ ਜੰਗੀ ਦਹਿਸ਼ਤਵਾਦੀ ਹਮਲਿਆਂ, ਰਾਜ ਪਲਟਿਆ ਅਤੇ ਕੁਦਰਤੀ ਆਫ਼ਤਾਂ ਨਾਲ ਦੇਸ਼ਾਂ ਵਿਚ ਆਪਾ ਧਾਪੀ ਮੱਚੀ ਹੋਈ ਹੈ। ਪਿਛਲੇ ਚਾਰ ਦਹਾਕਿਆਂ ਤੋਂ ਇੰਡੋਨੇਸ਼ੀਆ, ਚਿਲੀ, ਅਰਜੁਨਟਾਈਨਾ, ਬਾਲੀਵੀਆ, ਸ੍ਰੀਲੰਕਾ, ਰੂਸ, ਦੱਖਣੀ ਅਫਰੀਕਾ, ਇਰਾਕ, ਦੱਖਣੀ ਕੋਰੀਆ, ਆਦਿ ਮੁਲਕਾਂ ਵਿਚ ਵਾਪਰੀਆਂ ਘਟਨਾਵਾਂ ਦਾ ਵਿਸਥਾਰ ਸਾਹਿਤ ਅਤੇ ਤਥ ਭਰਪੂਰ ਵੇਰਵਾ ਪ੍ਰਦਾਨ ਕੀਤਾ ਹੈ। ਇਨ੍ਹਾਂ ਸਮਿਆਂ ਵਿਚ ਕੌਮਾਂਤਰੀ ਮੁਦਰਾਕੋਸ਼, ਸੰਸਾਰ ਬੈਂਕ ਆਦਿ ਰਾਹੀਂ ਵੱਖ-ਵੱਖ ਮੁਲਕਾਂ ਵਿਚ ਆਪਣੀਆਂ ਕਿਸ ਕਿਸਮ ਦੀਆਂ ਸਰਕਾਰਾਂ ਵਿਕਸਿਤ ਕੀਤੀਆਂ ਗਈਆਂ ਹਨ ਇਸ ਕਿਤਾਬ ਵਿਚ ਵੈਨਜ਼ੂਲਾ, ਕਿਊਬਾ, ਬਾਲੀਵੀਆ ਆਦਿ ਮੁਲਕਾਂ ਵਿਚ ਲੋਕਾਂ ਦੇ ਦ੍ਰਿਸ਼ਟੀਕੋਣ ਤੋਂ ਉਠੀਆਂ ਲਹਿਰਾਂ ਦਾ ਵੀ ਭਰਵਾਂ ਉਲੇਖ ਕੀਤਾ ਗਿਆ ਹੈ। ਪ੍ਰਸਿੱਧ ਵਿਦਵਾਨ ਲੇਖਕ ਅਰੁੰਧੁਤੀ ਰਾਏ ਦਾ ਇਸ ਕਿਤਾਬ ਬਾਰੇ ਕਹਿਣਾ ਹੈ, "ਨੈਓਮੀ ਕਲੇਨ ਨੇ ਸ਼ਾਨਦਾਰ, ਜੁਅਰਤਮੰਦ ਅਤੇ ਭਿਆਨਕਤਾ ਨੂੰ ਬਿਆਨਦੀ ਇਹ ਕਿਤਾਬ ਲਿਖੀ ਹੈ। ਇਹ ਉਸ ਚੀਜ਼ ਦੇ ਗੁਪਤ ਇਤਿਹਾਸ ਤੋਂ ਘੱਟ ਨਹੀਂ ਹੈ ਜਿਸ ਨੂੰ ਅਸੀਂ ਖੁੱਲ੍ਹੀ ਮੰਡੀ ਕਹਿੰਦੇ ਹਾਂ। ਇਹ ਲਾਜ਼ਮੀ ਪੜ੍ਹੇ ਜਾਣ ਵਾਲੀ ਕਿਤਾਬ ਹੈ।"

ਇਸ ਕਿਤਾਬ ਦੇ ਮੁਢਲੇ ਪੰਨੇ ਵਿਚ ਅੰਜੀਲ ਦਾ ਪਹਿਲਾ ਕਾਂਡ, ਦੁਨੀਆ ਦਾ ਜਨਮ 6:11 (ਨਵਾਂ ਸੋਧਿਆ ਸਟੈਂਡਰਡ ਰੂਪਾਂਤਰ) ਰਾਹੀਂ ਦਰਜ ਕੀਤਾ, "ਪ੍ਰਮਾਤਮਾ ਦੀ ਨਜ਼ਰ 'ਚ ਧਰਤੀ ਭ੍ਰਿਸ਼ਟ ਹੋ ਗਈ ਸੀ ਅਤੇ ਧਰਤੀ ਉਤੇ ਹਿੰਸਾ ਦਾ ਬੋਲਬਾਲਾ ਹੋ ਗਿਆ ਸੀ। ਪ੍ਰਮਾਤਮਾ ਨੇ ਦੇਖਿਆ ਕਿ ਧਰਤੀ ਭ੍ਰਿਸ਼ਟ ਹੋ ਗਈ ਹੈ, ਕਿਉਂਕਿ ਸਾਰੇ ਪ੍ਰਾਣੀਆਂ ਨੇ ਆਪਣੇ ਤਰੀਕਿਆਂ ਨਾਲ ਧਰਤੀ ਪਲੀਤ ਕਰ ਦਿੱਤਾ ਸੀ। ਪ੍ਰਮਾਤਮਾ ਨੇ ਨੋਹ ਨੂੰ ਕਿਹਾ, "ਮੈਂ ਸਾਰੇ ਪ੍ਰਾਣੀਆਂ ਨੂੰ ਖਤਮ ਕਰਨ ਦਾ ਇਰਾਦਾ ਬਣਾ ਲਿਆ ਹੈ, ਕਿਉਂਕਿ ਇਨ੍ਹਾਂ ਦੇ ਕਾਰਨ ਧਰਤੀ 'ਤੇ ਹਿੰਸਾ ਦਾ ਬੋਲਬਾਲਾ ਹੋ ਗਿਆ ਹੈ। ਹੁਣ ਇਨ੍ਹਾਂ ਨੂੰ ਧਰਤੀ ਸਮੇਤ ਨਸ਼ਟ ਕਰਨ ਲੱਗਾ ਹਾਂ।" ਇਹ ਸਚਾਈ ਸ਼ਾਇਦ ਅੱਜ ਤੇਜ਼ੀ ਨਾਲ ਗਲਬਾ ਪਾਉਣ ਦਾ ਸਾਧਨ ਬਣੀ ਅਮਰੀਕੀ ਜੰਗੀ ਫੌਜ ਦਾ ਸਿਧਾਂਤ ਦੇ ਰੂਪ ਵਿਚ ਪ੍ਰਗਟ ਹੋ ਰਹੀ ਹੈ ਜਿਸ ਦਾ ਉਲੇਖ ਇਸ ਪੁਸਤਕ ਵਿਚ ਇੰਝ ਕੀਤਾ ਗਿਆ ਹੈ, "ਸਦਮਾ ਤੇ ਖੌਫ ਅਜਿਹੀਆਂ ਕਾਰਵਾਈਆਂ ਹਨ ਜਿਨ੍ਹਾਂ ਨਾਲ ਡਰ, ਖਤਰੇ ਅਤੇ ਤਬਾਹੀ ਉਪਜਦੀ ਹੈ ਜੋ ਅਕਸਰ ਹੀ ਲੋਕਾਂ, ਖਤਰੇ ਬਣੇ ਸਮਾਜ ਦੇ ਖਾਸ ਤੱਤਾਂ, ਹਿੱਸਿਆਂ ਜਾਂ ਲੀਡਰਸ਼ਿਪਾਂ ਨੂੰ ਸਮਝ ਨਹੀਂ ਪਈ ਹੈ। ਝੱਖੜਾਂ, ਸਮੁੰਦਰੀ ਤੂਫ਼ਾਨਾਂ, ਭੂਚਾਲਾਂ, ਹੜ੍ਹਾਂ, ਬੇਕਾਬੂ ਅੱਗਾਂ, ਸੋਕੇ ਅਤੇ ਬਿਮਾਰੀਆਂ ਦੇ ਰੂਪ ਵਿਚ ਕੁਦਰਤ ਵੀ ਸਦਮਾ ਅਤੇ ਖੌਫ਼ ਪੈਦਾ ਕਰ ਸਕਦੀ ਹੈ।"

ਅਜਿਹੀ ਸਥਿਤੀ 'ਚੋਂ ਉਭਰਨ ਲਈ ਡੂੰਘੀ ਇਤਿਹਾਸਕ ਖੋਜ ਦੇ ਸੰਦਰਭ ਵਿਚ ਨੈਓਮੀ ਕਲੇਨ ਦੀ ਦਿਲੀ ਇੱਛਾ ਹੈ ਕਿ ਲੋਕ ਇਸ ਤਬਾਹੀ ਪਸੰਦ ਸਰਮਾਏਦਾਰੀ ਢਾਂਚੇ ਦੇ ਉਲਟ ਮੁੜ ਉਸਾਰੀ ਦੇ ਪ੍ਰੋਜੈਕਟ ਨੂੰ ਆਪਣੇ ਹੱਥਾਂ ਵਿਚ ਲੈਣ। ਅਜੇ ਵੀ ਬਹੁਤ ਕੁਝ ਬਚਿਆ ਪਿਆ ਹੈ। ਜਿਸ ਇਤਿਹਾਸਕ, ਸਭਿਆਚਾਰਕ ਅਤੇ ਮਨੁੱਖਤਾ ਦੀ ਯਾਦਾਸ਼ਤ ਰਾਹੀਂ ਖੜ੍ਹਾ ਕੀਤਾ ਜਾ ਸਕਦਾ ਹੈ। ਹੁਣ ਅਸੀਂ ਵੱਡੇ ਸਦਮੇ 'ਚੋਂ ਗੁਜ਼ਰਨ ਦਾ ਸਰਵਵਿਆਪਕ ਤਜਰਬਾ ਪੂਰੀ ਤਰ੍ਹਾਂ ਆਪਣੀਆਂ ਅੱਖਾਂ ਨਾਲ ਵੇਖ ਚੁੱਕੇ ਹਾਂ। ਇਸ ਕਰਕੇ ਡਾ. ਮਾਰਟਨ ਲੂਥਰ ਕਿੰਗ ਜੂਨੀਅਰ ਐਲੀਮੈਂਟਰੀ ਸਕੂਲ ਦਾ ਸਹਾਇਕ ਪ੍ਰਿੰਸੀਪਲ ਕਹਿੰਦਾ ਹੈ, "ਆਪਣੇ ਸਕੂਲ ਨੂੰ ਦੁਆਰਾ ਖੋਲ੍ਹਣ ਦਾ ਸੰਦੇਸ਼ ਹੈ ਕਿ ਖਾਸ-ਮ-ਖਾਸ ਭਾਈਚਾਰਾ, ਸਾਂਝੀ ਜਗ੍ਹਾ ਨਾਲੋਂ ਵੱਧ ਆਤਮਕ ਸਾਂਝ, ਪਰਿਵਾਰਾਂ ਦੀ ਸਾਂਝ ਅਤੇ ਘਰੋਂ ਵਾਪਸ ਆਉਣ ਦੀ ਤਾਂਘ ਨਾਲ ਇਕਜੁਟ ਭਾਈਚਾਰਾ ਹੈ।"

- ਹਰਬੰਸ ਸਿੰਘ

# ਵਿਦਿਆ ਅਤੇ ਸਮਾਜਿਕ ਸਰੋਕਾਰਾਂ ਦੇ ਨਾਂ

ਪ੍ਰਸਿੱਧ ਵਿਦਵਾਨ ਮਾਰਕੂਜ਼ੇ ਦਾ ਕਥਨ ਹੈ ਕਿ 'ਜੋ ਜਵਾਨੀ ਵਿਚ ਅਗਾਂਹਵਧੂ ਲਹਿਰਾਂ ਵਿਸ਼ੇਸ਼ ਕਰ ਖੱਬੇ ਪੱਖੀ ਦ੍ਰਿਸ਼ਟੀਕੋਣ ਦਾ ਹਿੱਸਾ ਨਹੀਂ ਰਿਹਾ ਉਸ ਨੂੰ ਸਾਰੀ ਉਮਰ ਸਮਾਜ ਦੀ ਸਮਝ ਹੀ ਨਹੀਂ ਆਉਂਦੀ।' ਇਹ ਧਾਰਨਾ ਜਦੋਂ ਮੈਂ ਆਪਣੇ 'ਤੇ ਢਿਕਾਉਂਦਾ ਹਾਂ ਤਾਂ ਮੈਨੂੰ ਆਪਣੇ ਕਾਲਜ ਦੇ ਦਿਨ ਯਾਦ ਆ ਜਾਂਦੇ ਨੇ ਕਿ ਅਸੀਂ ਕਿੰਨੇ ਖੁਸ਼ਕਿਸਮਤ ਵਿਦਿਆਰਥੀ ਸੀ ਜਿਨ੍ਹਾਂ ਲਈ ਪੜ੍ਹਾਈ ਦੇ ਨਾਲ – ਨਾਲ ਸਮਾਜਿਕ ਸਰੋਕਾਰ ਵੀ ਸਾਡਾ ਹਿੱਸਾ ਸਨ।ਮੈਂ ਜਦੋਂ ਇਸ ਮਸਲੇ 'ਤੇ ਸੋਚਦਾ ਹਾਂ ਤਾਂ ਮੈਨੂੰ ਮੇਰੀਆਂ ਨਜ਼ਰਾਂ ਅੱਗੇ ਇਕ ਬਹੁਤ ਹੀ ਪਿਆਰਾ ਚਿਹਰਾ ਆ ਜਾਂਦਾ ਹੈ ਜਿਸ ਨੇ ਪੰਜਾਬ ਦੀ ਵਿਦਿਆਰਥੀ ਲਹਿਰ ਨੂੰ ਇਕ ਨਵੀਂ ਸੇਧ, ਸਮਝ ਅਤੇ ਸੋਚ ਪ੍ਰਦਾਨ ਕੀਤੀ।ਉਸ ਮਰਹੂਮ ਆਗੂ ਦਾ ਨਾਂ ਪ੍ਰਿਥੀਪਾਲ ਸਿੰਘ ਰੰਧਾਵਾ ਸੀ। ਜਿਨ੍ਹਾਂ ਦੀ ਸ਼ਹਾਦਤ 18 ਜੁਲਾਈ ਨੂੰ ਹੋਈ ਸੀ। ਉਸ ਵੇਲੇ ਬੜੀ ਮਸ਼ਹੂਰ ਇਹ ਲਾਈਨ ਹਰ ਇਕ ਦੀ ਸਮਝ ਤੇ ਸੋਚ ਦਾ ਹਿੱਸਾ ਸੀ,



ਐਵੇਂ ਭਰਮ ਹੈ ਸਾਡੇ ਕਾਤਲਾਂ ਨੂੰ
ਕਿ ਅਸੀਂ ਹੋਵਾਂਗੇ ਦੋ ਜਾਂ ਚਾਰ ਬਾਪੂ
ਪਰ ਸਾਡੀ ਇੰਨੀ ਲੰਬੀ ਹੈ ਕਤਾਰ ਬਾਪੂ
ਜਿਹੜੀ ਮੁਕਾਇਆਂ ਵੀ ਮੁੱਕਣੀ ਨਹੀਂ

ਇਸ ਲਾਈਨ ਨੇ ਪੰਜਾਬ ਦੇ ਸਮੁੱਚੇ ਵਿਦਿਅਕ ਖੇਤਰ ਨੂੰ ਏਨਾ ਪ੍ਰਭਾਵਤ ਕੀਤਾ ਸੀ ਕਿ ਹਰ ਕੋਈ ਪੜ੍ਹਿਆ ਲਿਖਿਆ ਇੰਝ ਸੋਚਦਾ ਸੀ,

ਸਹੀ ਸੋਚ ਤੇ ਠੋਸ ਇਰਾਦੇ ਸੀ ਮਨ ਦੇ ਵਿਚ ਧਾਰੇ
ਜੋ ਸੰਘਰਸ਼ ਦਾ ਨਾਅਰਾ ਦੇ ਕੇ ਧਿਆਣੇ ਕੀਤੇ ਪਾੜੇ
ਬਦਲਣ ਲਈ ਜਾਨਣ ਦਾ ਨਿਯਮ ਕਰਨਾ ਪਊ ਲਾਗੂ
ਉਹ ਪ੍ਰਿਥੀਪਲ ਰੰਧਾਵਾ ਬਣਿਆ ਸੀ ਪੜ੍ਹਿਆਂ ਦਾ ਆਗੂ

ਇਸ ਕਿਸਮ ਦੇ ਵਿਚਾਰ, ਸੋਚ ਅਤੇ ਸਮਝਦਾਰੀ ਦੇ ਮਾਹੌਲ ਵਿਚ ਵੱਡਾ ਹੋਇਆ। ਮੈਨੂੰ ਵਿਦਿਆਰਥੀ ਲਹਿਰ ਦੀ ਅਗਵਾਈ ਕਰਨ ਦਾ ਮੌਕਾ ਵੀ ਪ੍ਰਦਾਨ ਹੋਇਆ ਜਿਸ ਰਾਹੀਂ ਦਰਜਨਾਂ ਹੀ ਨਵੇਂ ਆਗੂ ਵਿਕਸਿਤ ਕੀਤੇ ਅਤੇ ਆਪਣੇ ਆਪ ਨੂੰ ਸਮਾਜਿਕ ਮਸਲਿਆਂ ਪ੍ਰਤੀ ਜਾਗਰੂਕ ਕੀਤਾ।

ਜਦੋਂ ਮੈਂ ਹੁਣ ਪੰਜਾਬ ਦੀ ਜਵਾਨੀ ਨੂੰ ਦੇਖਦਾ ਹਾਂ ਤਾਂ ਮੈਨੂੰ ਇੰਝ ਜਾਪਦਾ ਹੈ ਕਿ ਅਸੀਂ ਇਤਿਹਾਸ ਦੇ ਉਸ ਪੜਾਅ ਨੂੰ ਭੁੱਲ ਚੁੱਕੇ ਹਾਂ ਜਿਸ ਪੜਾਅ ਰਾਹੀਂ ਸਾਡੀ ਪੀੜ੍ਹੀ ਵਿਕਸਿਤ ਹੋਈ ਸੀ।ਹੁਣ ਪੰਜਾਬ ਦੀ ਪੀੜ੍ਹੀ ਸਮਾਜਿਕ, ਸਭਿਆਚਾਰਕ ਅਤੇ ਰਾਜਨੀਤਕ ਮਸਲਿਆਂ 'ਤੇ ਗਹਿਰ ਗੰਭੀਰ ਸੋਚ ਨਹੀਂ ਰੱਖਦੀ। ਸਿਰਫ਼ ਤੇ ਸਿਰਫ਼ ਆਪਣੀ ਲਿਆਕਤ ਨੂੰ ਨਿੱਜ ਤੱਕ ਸੰਘੇੜਕੇ ਚਲ ਰਹੀ ਹੈ ਜਿਸ ਕਰਕੇ ਪੰਜਾਬ ਦੇ ਵਿਚ ਉਸ ਕਿਸਮ ਦੀ ਰਾਜਨੀਤਕ ਪੀੜ੍ਹੀ ਵਿਕਸਿਤ ਨਹੀਂ ਹੋ ਰਹੀ ਜਿਸ ਨੇ ਆਪਣੇ ਦੇਸ਼ ਦੀ ਵਾਗਡੋਰ ਸੰਭਾਲਣੀ ਹੋਵੇ ਅਤੇ ਸਮਾਜਿਕ ਸਥਿਤੀ ਨੂੰ ਬਦਲਣਾ ਹੋਵੇ। ਮੈਨੂੰ ਕਈ ਵਾਰੀ ਇੰਝ ਲਗਦਾ ਹੈ ਕਿ ਜਿਵੇਂ ਅਸੀਂ ਪ੍ਰਿਥੀਪਾਲ ਰੰਧਾਵਾ ਨੂੰ ਆਪਣੇ ਚੇਤਿਆਂ ਵਿਚੋਂ ਵਿਸਾਰਿਆ ਹੈ ਸ਼ਾਇਦ ਹੌਲੀ ਹੌਲੀ ਪੰਜਾਬ ਦੀ ਉਸ ਸਮੇਂ ਦੀ ਵਿਦਿਆਰਥੀ ਲਹਿਰ ਨੂੰ ਵੀ ਚੇਤਿਆਂ 'ਚੋਂ ਵਿਸਾਰ ਦੇਈਏ। ਅੱਜ ਵੀ ਜਦੋਂ ਮੈਂ ਕਦੀ ਇਕੱਲਾ ਬੈਠ ਕੇ ਆਪਣੇ ਅਤੀਤ ਨੂੰ ਯਾਦ ਕਰਦਾ ਹਾਂ ਤਾਂ ਮੈਨੂੰ ਸਾਇੰਸ ਕਾਲਜ ਦੇ ਬਾਹਰ ਇਕ ਸੜਕ ਦੇ ਕਿਨਾਰੇ ਗੱਡੇ ਹੋਏ ਡਰੰਮ ਦੀ ਯਾਦ ਆ ਜਾਂਦੀ ਹੈ ਜਿਸ ਡਰੰਮ ਉਪਰ ਖੜ੍ਹ ਕੇ ਮੈਂ ਦਰਜਨਾਂ ਵਾਰੀ ਇਹ ਆਵਾਜ਼ ਉਠਾਈ ਸੀ, "ਸਾਡੀ ਨੌਜਵਾਨ ਪੀੜ੍ਹੀ ਦਾ ਫਰਜ਼ ਬਣਦਾ ਹੈ ਕਿ ਉਹ ਆਪਣੀ ਲਿਆਕਤ ਨੂੰ ਸਮਾਜਿਕ ਤਬਦੀਲੀ ਨਾਲ ਜੋੜ ਕੇ ਵਿਕਸਿਤ ਕਰਨ, ਸਾਡੇ ਲਈ ਇਹ ਜ਼ਰੂਰੀ ਹੈ ਕਿ ਅਸੀਂ ਆਪਣੇ ਕਿਤਾਬੀ ਗਿਆਨ ਤੋਂ ਇਲਾਵਾ ਸਮਾਜ ਦੇ ਮਸਲਿਆਂ ਪ੍ਰਤੀ ਵੀ ਜਾਗਰੂਕ ਹੋਈਏ। ਸਾਡੇ ਲੋਕਾਂ ਨੂੰ ਸਾਡੇ ਤੋਂ ਬੜੀਆਂ ਵੱਡੀਆਂ ਆਸਾਂ ਹਨ।" ਇਹ ਲਾਈਨਾਂ ਅੱਜ ਵੀ ਮੇਰੇ ਜ਼ਹਿਨ ਦਾ ਹਿੱਸਾ ਹਨ।

ਸ਼ਾਇਦ ਇਨ੍ਹਾਂ ਲਾਈਨਾਂ ਦੀ ਬਦੌਲਤ ਹੀ ਹੈ ਕਿ ਮੈਂ ਦੂਰ ਦੁਰੇਡੇ ਬੈਠਾ ਵੀ ਸਮਾਜਿਕ ਸਰੋਕਾਰਾਂ ਨਾਲੋਂ ਟੁੱਟਿਆ ਹੋਇਆ ਨਹੀਂ ਹਾਂ। ਇਥੇ ਆ ਕੇ ਵੀ ਮੈਨੂੰ ਇੰਝ ਜਾਪਿਆ ਕਿ ਮੇਰੇ ਲੋਕਾਂ ਦੇ ਦਰਦ ਇਥੇ ਵੀ ਉਸ ਕਿਸਮ ਦੇ ਹਨ ਜਿਥੇ ਮੇਰੇ ਆਪਣੇ ਪੰਜਾਬ ਦੇ ਸਨ।ਇਸ ਕਰਕੇ ਤਾਂ ਪ੍ਰਸਿੱਧ ਵਿਦਵਾਨ ਕਾਰਲ ਮਾਰਕਸ ਦੀ ਧਾਰਨਾ ਹੈ ਕਿ ਦੁਨੀਆ ਦੇ ਜਿਸ ਵੀ ਕੋਨੇ ਵਿਚ ਤੁਸੀਂ ਆਪਣਾ ਰੈਣ ਬਸੇਰਾ ਬਣਾਓ ਉਸ ਕੋਨੇ ਉਪਰ ਹੀ ਆਮ ਲੋਕਾਂ ਦੇ ਜੀਵਨ ਵਿਚ ਪੈ ਰਹੀਆਂ ਬੇੜੀਆਂ ਨੂੰ ਉਤਾਰਨ ਲਈ ਉਪਰਾਲਾ ਕਰੋ। ਉਸ ਉਪਰਾਲੇ ਵਿਚ ਇਹ ਯੋਗਦਾਨ ਪਾਉਣ ਦੀ ਕੋਸ਼ਿਸ਼ ਕਰਦਾ ਹਾਂ। ਸਮਾਜਿਕ ਸਮਝਦਾਰੀ ਨੂੰ ਵਿਕਸਿਤ ਕਰਨ ਲਈ ਆਪਣੇ ਰਿਜ਼ਕ ਵਾਲੇ ਸਮੇਂ ਤੋਂ ਬਾਅਦ ਐਯਾਸ਼ੀ ਦੇ ਅੱਡਿਆਂ ਵਿਚ ਨਹੀਂ ਬੈਠਦਾ ਹਾਂ ਬਲਕਿ ਜੋ ਮੇਰੇ ਕੋਲ ਵਕਤ ਹੁੰਦਾ ਹੈ ਮੇਰੀ ਦਿਲੀ ਇੱਛਾ ਰਹਿੰਦੀ ਹੈ ਕਿ ਸ਼ਾਇਦ ਇਹ ਮੇਰਾ ਵਕਤ ਲੋਕਾਂ ਦਾ ਵਕਤ ਹੀ ਹੈ ਜਿਸ ਕਰਕੇ ਇਸ ਨੂੰ ਲੋਕਾਂ ਲਈ ਹੀ ਵਰਤਣਾ ਚਾਹੀਦਾ ਹੈ। ਇਹ ਸੋਝੀ ਅੱਜ ਤੱਕ ਮੇਰੀ ਜੀਵਨ ਜਾਂਚ ਦਾ ਹਿੱਸਾ ਬਣੀ ਹੋਈ ਹੈ ਜਿਸ ਕਰਕੇ ਮੈਂ ਆਪਣੇ ਸਮੇਂ ਨੂੰ ਲੋਕਾਂ ਲਈ ਲਗਾਉਂਦਾ ਹਾਂ।

ਉਹ ਨੌਜਵਾਨ ਜਿਸ ਨੇ ਮੈਨੂੰ ਇਸ ਸੋਝੀ ਪ੍ਰਦਾਨ ਕੀਤੀ ਅਤੇ ਮੇਰੇ ਜੀਵਨ ਢੰਗ ਨੂੰ ਦੁਨੀਆ ਦੇ ਪੈਮਾਨੇ 'ਤੇ ਵਿਕਸਿਤ ਕੀਤਾ ਉਸ ਨੌਜਵਾਨ ਦਾ ਖਿੜਿਆ ਚਿਹਰਾ ਅੱਜ ਵੀ ਮੇਰੇ ਚੇਤੇ ਦਾ ਹਿੱਸਾ ਹੈ।ਮੈਨੂੰ ਕਈ ਵਾਰੀ ਲਗਦਾ ਹੈ ਕਿ ਅੱਜ ਫਿਰ ਪ੍ਰਿਥੀਪਾਲ ਰੰਧਾਵਾ ਜਿਹੇ ਸੂਝਵਾਨ, ਸਿਆਣੇ ਅਤੇ ਸਿਰੜੀ ਆਗੂਆਂ ਦੀ ਦੁਨੀਆ ਨੂੰ ਜ਼ਰੂਰਤ ਹੈ ਕਿਉਂਕਿ ਪੂੰਜੀ ਦੇ ਵਹਾਅ ਨੇ ਜਿਸ ਕਿਸਮ ਨਾਲ ਕਿਰਤ ਕਰਨ ਵਾਲਿਆਂ ਦੇ ਹੱਥਾਂ 'ਚੋਂ ਦੋ ਡੰਗ ਦੀ ਰੋਟੀ ਵੀ ਖੋਹਣ ਦਾ ਤਹੀਆ ਕੀਤਾ ਹੈ ਉਸ ਨੂੰ ਬਦਲਣ ਦੀ ਜ਼ਰੂਰਤ ਹੈ। ਲੋਕਾਂ ਦੀ ਖੁਦਮੁਖਤਿਆਰ ਜੀਵਨ ਜਾਚ ਵਾਲਾ ਸਮਾਜ ਉਸਾਰਨ ਦੀ ਜ਼ਰੂਰਤ ਹੈ।

•••

# ਆਂਟੇਰੀਓ ਨਿਵਾਸੀਓ ਜ਼ਰਾ ਸੋਚੋ !

**ਐਚ ਐਸ ਟੀ** : ਹਰੇਕ ਵਸਤੂ ਉਤੇ ਲੱਗਿਆ ਇਹ ਚੰਦਰਾ ਟੈਕਸ ਬੰਦ ਨਾ ਕਰਾਇਆ, ਤਾਂ ਇਹ ਟੈਕਸ ਸਰਕਾਰ ਸਾਡੀ ਸਾਹ ਲੈਣ ਵਾਲੀ ਹਵਾ ਉੱਪਰ ਵੀ ਲਾਏਗੀ। ਕੀ ਤੁਹਾਨੂੰ ਪਤਾ ਹੈ ਕਿ ਇਹ ਟੈਕਸ ਗੈਸ ਪੰਪਾਂ ਤੇ ਟੈਕਸ ਉਪਰ ਟੈਕਸ ਹੈ ?

**ਟਿਊਸ਼ਨ ਫ਼ੀਸਾਂ** : ਆਓ ! ਆਪਣੇ ਬੱਚਿਆਂ ਨੂੰ ਅਸਮਾਨੀ ਚੜ੍ਹੇ ਕਰਜ਼ਿਆਂ ਅਤੇ ਫ਼ੀਸਾਂ ਤੋਂ ਬਚਾਈਏ।

**ਗੈਸ ਕੀਮਤਾਂ** : ਗੈਸ ਕੀਮਤਾਂ ਡਰਾਈਵਰਾਂ ਨੂੰ ਗੈਸ ਪੰਪਾਂ 'ਤੇ ਤੜਫ਼ਾ ਰਹੀਆਂ ਹਨ ਅਤੇ ਤੇਲ ਕਾਰਪੋਰੇਸ਼ਨਾਂ ਅਰਬਾਂ ਦੇ ਮੁਨਾਫ਼ੇ ਕਮਾ ਰਹੇ ਹਨ।

**ਸਿਹਤ ਸੇਵਾਵਾਂ** : ਪਬਲਿਕ ਪ੍ਰਾਈਵੇਟ ਪਾਰਟਨਰ ਦੇ ਨਾਂ ਹੇਠ ਕਾਰਪੋਰੇਸ਼ਨਾਂ ਵਲੋਂ ਸਿਹਤ ਸਹੂਲਤਾਂ ਨੂੰ ਆਪਣੇ ਹੱਥਾਂ ਵਿਚ ਲੈ ਜਾਣ ਦੀ ਨੀਤੀ ਨੂੰ ਸਮਝੀਏ ਅਤੇ ਵਿਰੋਧ ਕਰੀਏ।

**ਆਟੋ ਇੰਸ਼ੋਰੈਂਸਾਂ ਦੀਆਂ ਕਿਸ਼ਤਾਂ ਦਾ ਮਸਲਾ**: ਆਂਟੇਰੀਓ ਵਿੱਚ ਇੰਸ਼ੋਰੈਂਸ ਦੇ ਕਾਇਦੇ-ਕਨੂੰਨ "ਫ਼ਾਈਨੈਂਸ਼ਲ ਸਰਵਿਸਜ਼ ਕਮਿਸ਼ਨ ਆਫ਼ ਆਂਟੇਰੀਓ" (FSCO) ਬਣਾਉਂਦਾ ਹੈ। ਆਟੋ ਇੰਸ਼ੋਰੈਂਸਾਂ ਦੀਆਂ ਕਿਸ਼ਤਾਂ ਨੂੰ ਸਹੀ ਕਰਾਉਣ ਲਈ ਸਰਕਾਰ ਤੱਕ ਆਵਾਜ਼ ਪਹੁੰਚਾਈਏ।

**ਅਣਅਧਿਕਾਰਤ ਇੰਪਲਾਇਮੈਂਟ ਏਜੰਸੀਆਂ ਵੱਲੋਂ ਕਿਰਤੀਆਂ ਦੀ ਲੁੱਟ ਦਾ ਸਵਾਲ** : ਸਾਨੂੰ ਉਨ੍ਹਾਂ ਹਜ਼ਾਰਾਂ ਕਾਮਿਆਂ ਦੀ ਅਵਾਜ਼ ਬਣਨਾ ਚਾਹੀਦਾ ਹੈ ਜਿਹੜੇ ਇਨ੍ਹਾਂ ਅਣਅਧਿਕਾਰਤ ਏਜੰਸੀਆਂ ਰਾਹੀਂ ਦੀ ਲੁੱਟੇ ਜਾ ਰਹੇ ਹਨ।

**ਦੋਸਤੋ ! ਸਮਾਂ ਮੰਗ ਕਰਦਾ ਹੈ** : ਅਸੀਂ ਲੋਕਾਂ ਵਿਚ ਸਹੀ ਸਮਝਦਾਰੀ ਵਿਕਸਿਤ ਕਰੀਏ ਅਤੇ ਆਓ ਇਸ ਸੁਨੇਹੇ ਨੂੰ ਜਨ ਸਮੂਹ ਤੱਕ ਪਹੁੰਚਾਈਏ।

# ਲੋਕ ਪੱਖੀ ਆਰਟਸ ਪ੍ਰੋਜੈਕਟ ਮੀਡੀਆ
# ਦੇ ਉਦੇਸ਼

ਲੋਕ ਪੱਖੀ ਆਰਟਸ ਪ੍ਰੋਜੈਕਟ ਮੀਡੀਆ ਗਰੁੱਪ ਇਕ ਚੈਰੀਟੇਬਲ ਮਾਨਤਾ ਪ੍ਰਾਪਤ ਜਥੇਬੰਦੀ ਹੈ ਜਿਸ ਦਾ ਮੁੱਖ ਮਕਸਦ ਜਨ ਸਮੂਹ ਵਿਚ ਆਰਥਿਕ, ਸਮਾਜਿਕ, ਸਭਿਆਚਾਰਕ ਅਤੇ ਰਾਜਨੀਤਕ ਮੁੱਦਿਆਂ ਪ੍ਰਤੀ ਲੋਕਾਂ ਨੂੰ ਚੇਤਨਾ ਕਰਨਾ ਹੈ।ਇਸ ਗਰੁੱਪ ਦੀ ਸ਼ੁਰੂਆਤ 27 ਸਤੰਬਰ 2010 ਨੂੰ ਕੀਤੀ ਗਈ ਜਿਸ ਵਿਚ ਕਈ ਖੇਤਰਾਂ ਦੇ ਮਾਹਿਰ ਹਾਜ਼ਰ ਹੋਏ ਜਿਨ੍ਹਾਂ ਨੇ ਮਨੁੱਖਤਾ ਦੀ ਭਲਾਈ ਲਈ ਵੱਖ ਵੱਖ ਮੁੱਦੇ ਜਿਵੇਂ ਗਰੀਬੀ ਘਟਾਉਣਾ, ਲੋਕ ਕਲਾਵਾਂ ਨੂੰ ਵਿਕਸਤ ਕਰਨਾ, ਵਾਤਾਵਰਣ ਦੀ ਸੁਰੱਖਿਆ ਕਰਨਾ, ਸਿੱਖਿਆ ਹਰੇਕ ਦਾ ਜੀਵਨ ਅਧਿਕਾਰ ਹੈ ਪ੍ਰਤੀ ਚੇਤਨਤਾ ਵਿਕਸਿਤ ਕਰਨਾ।ਜਨ ਸਮੂਹ ਨੂੰ ਸਮਾਜਿਕ ਮਸਲਿਆਂ ਪ੍ਰਤੀ ਚੇਤਨ ਕਰਨ ਲਈ ਲਿਖਤਾਂ ਪ੍ਰਕਾਸ਼ਿਤ ਕਰਨਾ, ਸੈਮੀਨਾਰ ਆਯੋਜਿਤ ਕਰਨਾ, ਰੇਡੀਓ/ਟੀਵੀ ਪ੍ਰੋਗਰਾਮਾਂ ਵਿਚ ਸ਼ਿਰਕਤ ਕਰਨਾ, ਇੰਟਰਨੈਟ ਰਾਹੀਂ ਜਾਗ੍ਰਤੀ ਵਿਕਸਿਤ ਕਰਨਾ ਇਸ ਸੰਸਥਾ ਦੇ ਮੁੱਖ ਉਦੇਸ਼ ਹਨ।

ਇਨ੍ਹਾਂ ਉਦੇਸ਼ਾਂ ਦੀ ਪੂਰਤੀ ਹਿੱਤ 'ਸਰੋਕਾਰਾਂ ਦੀ ਆਵਾਜ਼' ਮਹੀਨਾਵਾਰ ਮੈਗਜ਼ੀਨ ਸ਼ੁਰੂ ਕਰਨ ਦਾ ਇਹ ਉਪਰਾਲਾ ਹੈ।ਇਸ ਉਪਰਾਲੇ ਦੀ ਪੂਰਤੀ ਲਈ ਸਮਾਜ ਨੂੰ ਜਾਗਰੂਕ ਕਰਨ ਵਾਲੇ ਵੱਖ-ਵੱਖ ਹਿੱਸਿਆਂ ਨੂੰ ਵਿਸ਼ੇਸ਼ ਸਥਾਨ ਪ੍ਰਦਾਨ ਕੀਤਾ ਜਾਵੇਗਾ।ਹਰੇਕ ਤਰ੍ਹਾਂ ਦੀ ਇਖਲਾਕੀ ਅਤੇ ਆਰਥਿਕ ਮਦਦ ਇਸ ਸੰਸਥਾ ਦਾ ਸਰਮਾਇਆ ਹੋਵੇਗੀ ਜਿਸ ਲਈ ਅਸੀਂ ਸਮਾਜ ਅੱਗੇ ਜਵਾਬਦੇਹ ਹੋਵਾਂਗੇ।

ਲੋਕ ਪੱਖੀ ਆਰਟਸ ਪ੍ਰੋਜੈਕਟ ਮੀਡੀਆ ਆਧੁਨਿਕ ਸਮੇਂ ਵਿਚ ਸਹੀ ਸਮਝਦਾਰੀ ਅਤੇ ਸਹੀ ਦ੍ਰਿਸ਼ਟੀਕੋਣ ਵਿਕਸਿਤ ਕਰਨ ਲਈ ਪੂਰੀ ਤਰ੍ਹਾਂ ਸੁਹਿਰਦ ਹੈ।ਅਸੀਂ ਉਮੀਦ ਕਰਦੇ ਹਾਂ ਅਤੇ ਵਿਸ਼ਵਾਸ ਵੀ ਦਿਵਾਉਂਦੇ ਹਾਂ ਕਿ ਸਾਡਾ ਇਹ ਉਪਰਾਲਾ ਇਕ ਸਹੀ ਸਮਝਦਾਰੀ ਨੂੰ ਜਨ ਸਮੂਹ ਵਿਚ ਵਿਕਸਿਤ ਕਰਨ ਲਈ ਯੋਗਦਾਨ ਪਾਵੇਗਾ।


**Pro-People Arts Project Media Group**

416-902-9322, 416-817-7142

416-895-4100 E-Mail : ppapmg@gmail.com